Postal No.-- CHD/0111/2015-17

Regd No. 32212/78

# ਲੁਬਾਣਾ ਸੇਵਕ

ਅਪ੍ਰੈਲ 2017 ਮਾਸਿਕ ਮੁੱਲ : 15/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਸਾਰਿਆਂ ਨੂੰ ਖਾਲਸਾ ਸਾਜਨਾ ਦਿਵਸ ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ ਮੁਬਾਰਕਾਂ








ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ,
ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ,
ਮੀਂਹਾਂ ਦੀ ਉਡੀਕ ਤੇ ਸਿਆੜ ਕੱਢ ਕੇ,
ਪੱਗ ਝੱਗਾ ਚਾਦਰਾ ਨਵਾਂ ਸਵਾਇ ਕੇ,
ਸੰਮਾਂ ਵਾਲੀ ਡਾਂਗ ਉੱਤੇ ਤੇਲ ਲਾਇ ਕੇ,
ਕੱਛੇ ਮਾਰ ਵੰਝਲੀ ਅੰਨਦ ਛਾ ਗਿਆ,
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।

- ਧਨੀ ਰਾਮ ਚਾਤ੍ਰਿਕ

ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਪ੍ਰਧਾਨਗੀ - ਚੁਨੌਤੀ, ਜ਼ਿੰਮੇਵਾਰੀ ਅਤੇ ਸੇਵਾ



ਲੁਬਾਣਾ ਬਰਾਦਰੀ ਦੀ ਸ਼ਾਨਾਮੱਤੀ ਸੰਸਥਾ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਦੀ ਜਨਰਲ ਬਾਡੀ ਦੇ ਮੈਂਬਰਾਂ ਵੱਲੋਂ ਮਿਤੀ 31 ਮਾਰਚ 2017 ਨੂੰ ਵੋਟ ਪ੍ਰਣਾਲੀ ਰਾਹੀਂ ਪ੍ਰਧਾਨਗੀ ਅਹੁਦੇ ਲਈ ਕੀਤੀ ਚੋਣ ਵਿਚ ਦਾਸ ਨੂੰ ਇਸ ਅਹੁਦੇ ਤੇ ਅਗਲੇ ਤਿੰਨ ਸਾਲ ਲਈ ਕੰਮ ਕਰਨ ਦਾ ਮਾਨ ਬਖਸ਼ਿਆ ਹੈ। ਮੈਂ ਜਨਰਲ ਬਾਡੀ ਦੇ ਸਾਰੇ ਮੈਂਬਰਾਂ ਦਾ ਇਸ ਵਿਸ਼ਵਾਸ ਲਈ ਤਹਿ ਦਿਲੋਂ ਧੰਨਵਾਦ ਕਰਦਾ ਹਾਂ। ਮੈਂ ਇਸ ਸੰਸਥਾ ਨਾਲ ਪਿਛਲੇ ਵੀਹ ਸਾਲ ਤੋਂ ਜੁੜਿਆ ਹੋਇਆ ਹਾਂ ਅਤੇ ਪਿਛਲੇ 6 ਸਾਲ ਇਸ ਸੰਸਥਾ ਦੇ ਖਜ਼ਾਨਾ ਸਕੱਤਰ ਦੇ ਅਹੁਦੇ ਤੇ ਰਹਿ ਕੇ ਸਰਗਰਮ ਸੇਵਾ ਕੀਤੀ ਹੈ। ਪ੍ਰੰਤੂ ਸੰਸਥਾ ਦਾ ਪ੍ਰਧਾਨ ਹੋਣਾ ਬੜੀ ਵੱਡੀ ਜ਼ਿੰਮੇਵਾਰੀ ਸਿਰ 'ਤੇ ਆਉਣ ਦਾ ਅਹਿਸਾਸ ਕਰਵਾਉਂਦੀ ਹੈ। ਮੈਂ ਯਾਦ ਕਰਦਾ ਹਾਂ ਬਰਾਦਰੀ ਦੀਆਂ ਉਨ੍ਹਾਂ ਮਹਾਨ ਸ਼ਖ਼ਸੀਅਤਾਂ ਨੂੰ ਜਿਨ੍ਹਾਂ ਨੇ ਇਸ ਸੰਸਥਾ ਨੂੰ ਸਥਾਪਤ ਕਰਨ ਦਾ ਸੁਪਨਾ ਲਿਆ ਅਤੇ ਸੀਮਤ ਸਾਧਨਾਂ ਨਾਲ ਇਸ ਸੁਪਨੇ ਨੂੰ ਸੱਚ ਕਰਨ ਲਈ ਲੱਕ ਬੰਨ ਕੇ ਚੱਲ ਪਏ ਸਨ। ਵੱਖ-ਵੱਖ ਸਮੇਂ ਤੇ ਸੰਸਥਾ ਦੀ ਅਗਵਾਈ ਕਰਨ ਵਾਲੇ ਸਾਰੇ ਹੀ ਸਾਬਕਾ ਪ੍ਰਧਾਨਾਂ ਅਤੇ ਉਨ੍ਹਾਂ ਦੇ ਸਹਿਯੋਗੀਆਂ ਨੇ ਇਸ ਸੰਸਥਾ ਨੂੰ ਅਜੋਕੇ ਕਾਮਯਾਬ ਪੱਧਰ ਤੇ ਪਹੁੰਚਾਉਣ ਲਈ ਬੜਾ ਹੀ ਉੱਚਾ ਸੁੱਚਾ ਯੋਗਦਾਨ ਪਾਇਆ ਹੈ। ਉਨ੍ਹਾਂ ਦੀਆਂ ਪ੍ਰਾਪਤੀਆਂ ਹੀ ਮੈਨੂੰ ਹੋਰ ਪ੍ਰਾਪਤੀਆਂ ਕਰਨ ਤੇ ਸੰਸਥਾ ਨੂੰ ਹੋਰ ਉਚਾਈਆਂ ਤੇ ਲਿਜਾਣ ਲਈ ਪ੍ਰੇਰਤ ਕਰਦੀਆਂ ਹਨ। ਕਿਉਂਕਿ ਇਹ ਸੰਸਥਾ ਬਰਾਦਰੀ ਦੇ ਹਜ਼ਾਰਾਂ ਪਰਿਵਾਰਾਂ ਦੀ ਨੁਮਾਇੰਦਾ ਸੰਸਥਾ ਹੈ। ਸਮੁੱਚੀ ਬਰਾਦਰੀ ਦੀ ਇਸ ਦੀਆਂ ਗਤੀਵਿਧੀਆਂ ਤੇ ਕਾਰਵਾਈਆਂ ਤੇ ਨਜ਼ਰ ਰਹਿੰਦੀ ਹੈ। ਮੈਂ ਜਾਤੀ ਤੌਰ 'ਤੇ ਸੋਚਦਾ ਹਾਂ ਕਿ ਇਹ ਸੰਸਥਾ ਬਰਾਦਰੀ ਨੂੰ ਸਮਾਜਿਕ, ਵਿੱਦਿਅਕ, ਸੱਭਿਆਚਾਰਕ ਅਤੇ ਇਤਿਹਾਸਕ ਖੋਜ ਪੱਖੋਂ ਹੋਰ ਅੱਗੇ ਲਿਜਾਣ ਲਈ ਹੀ ਬਣੀ ਹੈ ਇਸ ਲਈ ਇਹਨਾਂ ਵਿਸ਼ਿਆਂ ਤੇ ਬਰਾਦਰੀ ਦੀਆਂ ਕਮੀਆਂ ਅਤੇ ਲੋੜਾਂ ਦੀ ਸਮੀਖਿਆ ਕਰਕੇ ਉਨ੍ਹਾਂ ਦੇ ਸਹੀ ਹੱਲ ਕਰਨ ਵਿਚ ਇਸ ਸੰਸਥਾ ਨੂੰ ਸਾਰਿਆਂ ਦੇ ਸਹਿਯੋਗ ਨਾਲ ਆਪਣਾ ਵੱਡਮੁੱਲਾ ਯੋਗਦਾਨ ਪਾਉਣਾ ਚਾਹੀਦਾ ਹੈ। ਬਾਬਾ ਮੱਖਣ ਸ਼ਾਹ ਲੁਬਾਣਾ ਅਤੇ ਸੰਤ ਪ੍ਰੇਮ ਸਿੰਘ ਜੀ ਮੁਰਾਲਾ ਦੇ ਅਸ਼ੀਰਵਾਦ ਨਾਲ ਬਰਾਦਰੀ ਨੇ ਹਰ ਪੱਖੋਂ ਬਹੁਤ ਤਰੱਕੀ ਕੀਤੀ ਹੈ। ਬਰਾਦਰੀ ਦੀ ਜ਼ਿਆਦਾ ਗਿਣਤੀ ਦੇਸ਼ ਦੀ ਵੰਡ ਵੇਲੇ ਆਪਣੇ ਘਰ, ਜ਼ਮੀਨਾਂ, ਜਾਇਦਾਦ ਛੱਡ ਕੇ ਨਵੇਂ ਇਲਾਕੇ ਵਿਚ ਆ ਕੇ ਵੱਸ ਗਈ ਅਤੇ ਬੜੀ ਸਖ਼ਤ ਮਿਹਨਤ ਨਾਲ ਨਵੀਂ ਜ਼ਿੰਦਗੀ ਸ਼ੁਰੂ ਕੀਤੀ ਸੰਤ ਪ੍ਰੇਮ ਸਿੰਘ ਜੀ ਦੇ ਅਸ਼ੀਰਵਾਦ ਸਦਕਾ ਬਰਾਦਰੀ ਨੇ ਥੋੜ੍ਹੇ ਸਾਲਾਂ ਵਿਚ ਹੀ ਬੜੀ ਤਰੱਕੀ ਕੀਤੀ। ਵਿਦੇਸ਼ਾਂ ਵਿਚ ਜਾ ਕੇ ਬਰਾਦਰੀ ਦੇ ਸੱਜਣਾਂ ਅਤੇ ਵਿਸ਼ੇਸ਼ ਕਰ ਨੌਜਵਾਨਾਂ ਨੇ ਸਖ਼ਤ ਮਿਹਨਤਾਂ ਕਰਕੇ ਖੂਬ ਕਮਾਈਆਂ ਕੀਤੀਆਂ। ਬਰਾਦਰੀ ਆਰਥਿਕ ਪੱਖੋਂ ਚੰਗੀ ਹਾਲਤ ਵਿਚ ਪਹੁੰਚ ਗਈ। ਇਸ ਸਾਰੇ ਕੁਝ ਦੇ ਨਾਲ-ਨਾਲ ਬਾਰੀਕੀ ਨਾਲ ਦੇਖਿਆ ਕਿ ਕੁਝ ਕਮੀਆਂ ਸਾਡੀ ਬਰਾਦਰੀ ਵਿਚ ਅੱਜ ਵੀ ਦਿਮਾਗ਼ ਨੂੰ ਖੜਕਦੀਆਂ ਹਨ, ਵਿਸ਼ੇਸ਼ ਕਰਕੇ ਸਮਾਜਿਕ ਪੱਧਰ ਤੇ। ਸੰਤ ਪ੍ਰੇਮ ਸਿੰਘ ਜੀ ਨੇ ਬੜੀ ਵੱਡੀ ਕ੍ਰਿਪਾ ਕੀਤੀ ਕਿ ਬਰਾਦਰੀ ਨੂੰ ਸਿੱਖ ਪੰਥ ਦਾ ਹਿੱਸਾ ਬਣਾਇਆ। ਵਿਹਾਰ ਸੁਧਾਰ ਦੀਆਂ ਕੋਸ਼ਿਸ਼ਾਂ ਕੀਤੀਆਂ। ਅੱਜ ਵੀ ਸਾਡੇ ਸਮਾਜ ਵਿਚ ਸ਼ਾਦੀ ਸਮੇਂ ਦਾਜ ਦਹੇਜ ਲੈਣ ਦਾ ਬੜਾ ਭੈੜਾ ਰਿਵਾਜ਼ ਪ੍ਰਚਲਤ ਹੈ। ਭਾਵੇਂ ਕੁਝ ਸੂਝਵਾਨ, ਸੱਜਣ ਇਸ ਕੁਰੀਤੀ ਤੋਂ ਬਾਹਰ ਨਿਕਲ ਰਹੇ ਹਨ। ਸੋਚਣ ਵਾਲੀ ਗੱਲ ਹੈ ਕਿ ਜਦੋਂ ਆਪਣੇ ਘਰਾਂ ਵਿਚ ਅਸੀਂ ਆਰਥਿਕ ਤੌਰ 'ਤੇ ਮਜਬੂਤ ਹੋਏ ਹਾਂ ਤਾਂ ਦਾਜ ਦਹੇਜ ਮੰਗਣ ਦੀ ਜ਼ਰੂਰਤ ਹੀ ਕਿਉਂ ਹੈ? ਜਦੋਂ ਅਸੀਂ ਧੀ ਨੂੰ ਦਾਜ ਨਹੀਂ ਦੇ ਰਹੇ ਅਤੇ ਘਰ ਆਈ ਨੂੰਹ ਤੋਂ ਦਾਜ ਲੈ ਨਹੀਂ ਰਹੇ ਤਾਂ ਆਪਣੇ ਆਪ ਇਹ ਸਮੱਸਿਆ ਦਾ ਹੱਲ ਹੋ ਸਕਦਾ ਹੈ। ਦੇਖਣ ਵਿਚ ਆਇਆ ਹੈ ਕਿ ਭਾਵੇਂ ਬੱਚਿਆਂ ਦੇ ਵਿਦੇਸ਼ਾਂ ਵਿਚ ਜਾਣ ਕਾਰਨ ਆਰਥਿਕ ਹਾਲਤ ਸੁਧਰੀ ਹੈ ਪ੍ਰੰਤੂ ਇਸ ਨਾਲ ਸਾਡੇ ਘਰਾਂ ਵਿਚ ਸਿੱਖੀ ਅਤੇ ਵਿੱਦਿਆ ਦਾ ਬਹੁਤ ਨੁਕਸਾਨ ਹੋਇਆ ਹੈ। ਘੱਟ ਪੜ੍ਹਾਈ ਕਰਕੇ ਬਾਹਰ ਗਏ ਬੱਚੇ, ਚੰਗੇ ਪੱਧਰ ਦੇ ਕੰਮ ਵੀ ਨਹੀਂ ਲੱਭ ਸਕਦੇ। ਇਸ ਲਈ ਇਕ ਪੱਧਰ ਦੀ ਵਿੱਦਿਆ ਪ੍ਰਾਪਤ ਕਰਕੇ ਹੀ ਬੱਚਿਆਂ ਨੂੰ ਵਿਦੇਸ਼ਾਂ ਵਿਚ ਜਾਣਾ ਚਾਹੀਦਾ ਹੈ ਤਾਂ ਜੋ ਉਹ ਉੱਚ ਪੱਧਰ ਦੇ ਰੁਜ਼ਗਾਰ ਪ੍ਰਾਪਤ ਕਰ ਸਕਣ। ਦੇਸ਼ ਵਿਚ ਵੀ ਸਾਡੇ ਬੱਚੇ ਸਹੀ ਜਾਣਕਾਰੀ ਨਾ ਹੋਣ ਕਰਕੇ, ਪੜ੍ਹ ਲਿਖ ਕੇ ਵੀ ਸਹੀ ਰੁਜ਼ਗਾਰ ਪ੍ਰਾਪਤ ਕਰਨ ਤੋਂ ਵਾਂਝੇ ਰਹਿ ਜਾਂਦੇ ਹਨ।

ਫਾਊਂਡੇਸ਼ਨ ਵੱਲੋਂ ਇਸ ਪੱਖ ਤੋਂ ਵੱਡੇ ਕਦਮ ਉਠਾਏ ਜਾਣਗੇ। ਬਰਾਦਰੀ ਦੇ ਪੜ੍ਹੇ ਲਿਖੇ ਬੱਚਿਆਂ ਨੂੰ ਫੌਜ ਵਿਚ ਸਿਪਾਹੀ ਭਰਤੀ ਤੋਂ ਲੈ ਕੇ ਐਨ.ਡੀ.ਏ., ਆਈ.ਐਮ.ਏ., ਬੈਂਕਿੰਗ, ਰਾਜ ਸਿਵਲ ਅਤੇ ਕੇਂਦਰੀ ਸਿਵਲ ਸਰਵਿਸਸ ਤੇ ਹੋਰ ਮੁਕਾਬਲੇ ਦੇ ਇਮਤਿਹਾਨਾਂ ਲਈ ਤਿਆਰ ਕਰਨ ਲਈ ਸਭ ਤੋਂ ਪਹਿਲਾ ਜਲੰਧਰ ਵਿਚ ਇਕ ਅਜਿਹਾ ਸੈਂਟਰ ਖੋਲ੍ਹਿਆ ਜਾਵੇਗਾ ਜਿਸ ਵਿਚ ਬੱਚਿਆਂ ਨੂੰ ਵੱਖ-ਵੱਖ ਮੁਕਾਬਲੇ ਦੇ ਇਮਤਿਹਾਨਾਂ ਵਿਚ ਬੈਠਣ ਲਈ ਮੁਫ਼ਤ ਟ੍ਰੇਨਿੰਗ ਦਿੱਤੀ ਜਾਵੇਗੀ। ਇਹ ਕਾਰਵਾਈ ਜਲਦੀ ਹੀ ਆਰੰਭੀ ਜਾਵੇਗੀ।

ਮੈਂ ਸੋਚਦਾ ਹਾਂ ਕਿ ਸਾਡੀ ਬਰਾਦਰੀ ਦੇ ਪੁਰਖਿਆਂ ਅਤੇ ਹੋਰ ਵਣਜਾਰਾ ਬਰਾਦਰੀਆਂ ਨਾਲ ਸਾਡੇ ਪੁਰਾਣੇ ਸਬੰਧਾਂ ਬਾਰੇ ਕੋਈ ਗੰਭੀਰ ਖੋਜ ਨਹੀਂ ਹੋਈ। ਬਾਬਾ ਮੱਖਣ ਸ਼ਾਹ ਲੁਬਾਣਾ, ਬਾਬਾ ਲੱਖੀ ਸ਼ਾਹ ਲੁਬਾਣਾ ਅਤੇ ਹੋਰ ਅਜਿਹੇ ਪੁਰਾਤਣ ਮਹਾਂਪੁਰਖ ਜੋ ਇਤਿਹਾਸਕ ਤੌਰ 'ਤੇ ਬਰਾਦਰੀ ਨਾਲ ਸਬੰਧ ਰੱਖਦੇ ਸਨ, ਬਾਰੇ ਹੋਰ ਗੰਭੀਰ ਖੋਜ ਕਰਨ ਦੀ ਜ਼ਰੂਰਤ ਹੈ। ਇਸ ਬਾਰੇ ਬੜੀ ਗੰਭੀਰਤਾ ਨਾਲ ਕੰਮ ਕਰਵਾਇਆ ਜਾਵੇਗਾ। ਲੁਬਾਣਾ ਬਰਾਦਰੀ ਦੀ ਪੁਰਾਣੀ ਬੋਲੀ 'ਲੁਬਾਣਕੀ' ਤੇ ਵੀ ਖੋਜ ਕਰਵਾਈ ਜਾਵੇਗੀ। ਪੜ੍ਹਾਈ ਵਿਚ ਹੁਸ਼ਿਆਰ ਬੱਚਿਆਂ ਨੂੰ ਫਾਊਂਡੇਸ਼ਨ ਵੱਲੋਂ ਪਹਿਲਾਂ ਹੀ ਵਿਦਿਅਕ ਸਕਾਲਰਸ਼ਿਪ ਦਿੱਤੇ ਜਾਂਦੇ ਹਨ। ਇਸ ਦਾ ਘੇਰਾ ਹੋਰ ਵਧਾਇਆ ਜਾਵੇਗਾ।

ਮੈਂ ਪ੍ਰਧਾਨਗੀ ਦੀ ਜ਼ਿੰਮੇਵਾਰੀ ਦੇਣ ਲਈ ਸਮੁੱਚੀ ਬਰਾਦਰੀ ਦਾ ਧੰਨਵਾਦੀ ਹਾਂ ਅਤੇ ਯਕੀਨ ਦਿਵਾਉਂਦਾ ਹਾਂ ਕਿ ਲੁਬਾਣਾ ਬਰਾਦਰੀ ਦੀ ਚੜ੍ਹਦੀ ਕਲਾ ਲਈ ਅਤੇ ਫਾਊਂਡੇਸ਼ਨ ਨੂੰ ਹੋਰ ਉਚਾਈਆਂ ਤੇ ਲੈ ਜਾਣ ਲਈ ਮੈਂ ਅਤੇ ਮੇਰੀ ਟੀਮ ਕੋਈ ਕਸਰ ਬਾਕੀ ਨਹੀਂ ਛੱਡੇਗੀ। ਗੁਰੂ ਸਾਹਿਬਾਨ, ਬਾਬਾ ਮੱਖਣ ਸ਼ਾਹ ਲੁਬਾਣਾ ਅਤੇ ਸੰਤ ਪ੍ਰੇਮ ਸਿੰਘ ਜੀ ਦੇ ਅਸ਼ੀਰਵਾਦ ਅਤੇ ਤੁਹਾਡੇ ਸਾਰਿਆਂ ਦੇ ਸਹਿਯੋਗ ਨਾਲ ਅਸੀਂ ਆਪਣੇ ਇਹਨਾਂ ਮਿਸ਼ਨਾਂ ਵਿਚ ਜ਼ਰੂਰ ਕਾਮਯਾਬ ਹੋਵਾਂਗੇ। ਵੱਖ-ਵੱਖ ਵਿਸ਼ਿਆਂ ਤੇ ਤੁਹਾਡੇ ਕੀਮਤੀ ਸੁਝਾਵਾਂ ਦੀ ਉਡੀਕ ਰਹੇਗੀ।

ਧੰਨਵਾਦ

**ਜਗੀਰ ਸਿੰਘ ਲਾਲੀਆ**
**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

**ਰਾਵੀ ਸੋਹਣੀ ਪਈ ਵਗਦੀ, ਮੈਨੂੰ ਸਤਲੁਜ ਪਿਆਰਾ ਹੈ।**
**ਮੈਨੂੰ ਝਨ੍ਹਾਂ ਵਾਜ਼ਾਂ ਮਾਰਦੀ, ਅਟਕਦੀ ਲਹਿਰ ਦੀ ਠਾਠ,**
**ਮੇਰੇ ਬੂਹੇ ਤੇ ਵੱਜਦੀ।**
**ਖਾੜ-ਖਾੜ ਚੱਲਣ ਮੇਰੇ ਸੁਫਨਿਆ ਵਿਚ,**
**ਪੰਜਾਬ ਦੇ ਦਰਿਆ।**
**(ਪ੍ਰੋ: ਪੂਰਨ ਸਿੰਘ)**

# ਲੁਬਾਣਾ ਸੇਵਕ



**Chief Editor**
**S. Jagir Singh Lalia**
Sr. Audit Officer (Retd.)
# 1838, Phase-7, S.A.S. Nagar, M.: 98149-21838

**Addl. Chief Editor**
**S. Pritam Singh Naurangpur**
# 180, New Vijay Nagar, Jalandhar
M.: 98140-48241

**Editor**
**S. Surinder Singh Ruby**
Excise & Taxation Officer (Retd.)
HIG-16, S.F., Guru Gobind Singh Avenue
G.T. Road, Bye pass, Jalandhar
Email: ruby.surinder57@gmail.com, M.: 98141-28181

**Co-Editor**
**Prof. Jaswant Singh**
College Road, Begowal, Kapurthala, M.: 98724-66351
S. Parminderjit Singh
524, GMT Jalandhar, M.: 99153-57524

**Outline-Editor**
**S. Joginder Singh Ajaib**, Jalandhar
M.: 98152-69145

**Advisors**
S. Naginder Singh, Mohali
S. Jagtar Singh Multani Chief Er. (Retd.) Jal.



**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 98149-21838, General Secretary-98763-58250

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਆਉਣ ਵਾਲੇ ਮਹੀਨੇ ਦੀ ਸੰਗਰਾਂਦ, ਮਿਤੀ ਅਤੇ ਦਿਨ**
**ਮਈ - 14-5-2017 (ਐਤਵਾਰ)**
**ਜੂਨ - 15-6-2017 (ਵੀਰਵਾਰ)**


ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ


## ਤਤਕਰਾ


ਜਿਲਦ ਨੰ. 41 | ਅੰਕ - 621 | ਅਪ੍ਰੈਲ - 2017



| | | |
|---|---|---|
| 1. | ਖ਼ਾਲਸਾ ਪੰਥ ਦੀ ਸਥਾਪਨਾ | 5 |
| 2. | ਵਿਸਾਖੀ ਪੁਰਬ – ਖਾਲਸਾ ਪੰਥ ਦੀ ਸਿਰਜਨਾ | 8 |
| 3. | ਅਪ੍ਰੈਲ ਮਹੀਨੇ ਦੇ ਵਿਸ਼ੇਸ਼ ਧਾਰਮਿਕ ਦਿਹਾੜੇ | 11 |
| 4. | ਸ. ਜਗੀਰ ਸਿੰਘ ਲਾਲੀਆ ਜਿੱਤੇ ਪ੍ਰਧਾਨ ਦੀ ਚੋਣ | 13 |
| 5. | ਪ੍ਰਧਾਨ ਸ. ਜਗੀਰ ਸਿੰਘ ਲਾਲੀਆ | 15 |
| 6. | ਜਨਰਲ ਸਕੱਤਰ ਸ੍ਰੀਮਤੀ ਹਰਪ੍ਰੀਤ ਕੌਰ ਪੇਲੀਆ | 16 |
| 7. | ਸੀਨੀਅਰ ਮੀਤ ਪ੍ਰਧਾਨ (ਮੁੱਖ ਦਫ਼ਤਰ) ਕੈਪਟਨ ਜਸਵੰਤ ਸਿੰਘ ਮੋਹਾਲੀ | 17 |
| 8. | ਖਜ਼ਾਨਾ ਸਕੱਤਰ ਸ. ਹਰਦਿਆਲ ਸਿੰਘ ਘੋਤੜਾ | 18 |
| 9. | ਮੀਤ ਪ੍ਰਧਾਨ (ਮੁੱਖ ਦਫ਼ਤਰ) ਸ. ਬਲਵਿੰਦਰ ਸਿੰਘ ਮੁਲਤਾਨੀ ਮੋਹਾਲੀ | 19 |
| 10. | ਮੀਤ ਪ੍ਰਧਾਨ (ਮੁੱਖ ਦਫ਼ਤਰ) ਸ. ਗੁਲਸ਼ਨ ਕੁਮਾਰ ਸਿੰਘ | 20 |
| 11. | ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ | 21 |
| 12. | ਕਹਾਣੀ (ਸਵਰਗ ਦੀ ਕਲਪਣਾ) | 23 |
| 13. | ਬਦਾਮ – ਤਾਕਤਵਰ ਅਤੇ ਸੰਤੁਲਿਤ ਖੁਰਾਕ | 28 |
| 14. | ਕਾਵਿ–ਕਿਆਰੀ | 29 |
| 15. | ਸਿਹਤ ਸੰਭਾਲ | 31 |
| 16. | Guru Angad Dev Ji | 32 |
| 17. | Acheivement of S. Swarandeep Singh, P.P.S | 33 |
| 18. | CONGRATULATIONS | 34 |
| 19. | ਦਾਨੀ ਸੱਜਣਾਂ ਦੀ ਸੂਚੀ | 35 |
| 20. | ਮੈਟਰੀਮੋਨੀਅਲ | 38 |



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by Jagir Singh Lalia for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

*ਵਿਸਾਖੀ 'ਤੇ ਵਿਸ਼ੇਸ਼*

# ਖਾਲਸਾ ਪੰਥ ਦੀ ਸਥਾਪਨਾ

ਖਾਲਸੇ ਦੀ ਸਾਜਨਾ ਦੀ ਪ੍ਰਕਿਰਿਆ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਹੀ ਅਰੰਭ ਹੋ ਗਈ ਸੀ। ਲਗਾਤਾਰ ਸੈਂਕੜੇ ਸਾਲ ੧੦ ਗੁਰੂ ਸਾਹਿਬਾਨ ਦੀ ਸਰਪ੍ਰਸਤੀ ਵਿਚ ਇਸ ਦਾ ਵਿਕਾਸ ਹੁੰਦਾ ਰਿਹਾ। ਦਸ ਗੁਰੂ ਸਾਹਿਬਾਨ ਵਿਚ ਇੱਕੋ ਹੀ ਗੁਰੂ ਜੋਤ ਵਰਤਦੀ ਸੀ। ਉਨਾਂ ਦੀ ਬਾਣੀ ਦਾ ਭਾਵ, ਉਦੇਸ਼ ਤੇ ਵਿਚਾਰਧਾਰਾ ਇੱਕ ਹੀ ਸੀ।

**ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ॥**
**ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥**

(ਪੰਨਾ ੯੬੬)





**ਸੁਰਿੰਦਰ ਸਿੰਘ ਰੂਬੀ**
**ਸੰਪਾਦਕ**
**98141-28181**




ਖਾਲਸਾ ਪੰਥ ਦੀ ਸਾਜਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਮਤ ੧੭੫੬ (੧੬੯੯ ਈ:) ਵਿਚ ਵੈਸਾਖੀ ਵਾਲੇ ਦਿਨ ਕੀਤੀ। ਵੈਸਾਖੀ ਦਾ ਤਿਉਹਾਰ ਭਾਰਤ ਦਾ ਇਕ ਸਮਾਜਿਕ ਤਿਉਹਾਰ ਹੈ ਜੋ ਪੁਰਾਤਨ ਸਮੇਂ ਤੋਂ ਸਾਰੇ ਭਾਰਤ ਵਿਚ ਮਨਾਇਆ ਜਾਂਦਾ ਰਿਹਾ ਹੈ। ਇਸ ਵੇਲੇ ਤਕ ਹਾੜ੍ਹੀ ਦੀ ਫ਼ਸਲ ਪੱਕ ਕੇ ਤਿਆਰ ਹੋ ਗਈ ਹੁੰਦੀ ਹੈ। ਇਸ ਦਿਨ ਸਾਰੇ ਲੋਕ ਬਿਨਾਂ ਕਿਸੇ ਭੇਦ ਭਾਵ ਦੇ ਨਵੀਆਂ ਆਸਾਂ ਤੇ ਉਮੀਦਾਂ ਲੈ ਕੇ ਮੇਲਿਆਂ ਵਿਚ ਖੁਸ਼ੀ ਨਾਲ ਸ਼ਰੀਕ ਹੁੰਦੇ ਹਨ। ਮਨੁੱਖਤਾ ਨੂੰ ਖਾਲਸੇ ਦੀ ਵਡਮੁੱਲੀ ਦਾਤ ਦੇਣ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦਿਨ ਨੂੰ ਚੁਣਿਆ ਕਿਉਂਕਿ ਖਾਲਸੇ ਦਾ ਸੰਕਲਪ ਮਨੁੱਖਤਾ ਨੂੰ ਦੁੱਖਾਂ ਤੋਂ ਨਜਾਤ ਦਿਵਾਉਣ ਲਈ ਅਤੇ ਉਸ ਦੇ ਸਰਬ ਪੱਖੀ ਵਿਕਾਸ ਲਈ ਇਕ ਅਗੰਮੀ ਵਰਦਾਨ ਸੀ। ਇਕ ਨਵੇਂ ਸਜਰੇ ਜੀਵਨ ਦੀ ਸ਼ੁਰੂਆਤ ਸੀ।

ਇਸ ਅਨਮੋਲ ਗੁਰਮਤਿ ਵਿਚਾਰਧਾਰਾ ਦੀ ਸਿਖਰ ਸੀ— ਖਾਲਸੇ ਦੀ ਸਾਜਨਾ। ਖਾਲਸਾ ਇੱਕ ਆਦਰਸ਼ ਪੁਰਖ ਹੈ। ਇਸ ਨੂੰ ਗੁਰਬਾਣੀ ਵਿਚ ਸਚਿਆਰ, ਗੁਰਮੁਖ, ਬ੍ਰਹਮ ਗਿਆਨੀ ਕਿਹਾ ਗਿਆ ਹੈ। ਖਾਲਸਾ ਇਕ ਸਰਵ ਪੱਖੀ, ਸਰਬ ਪ੍ਰਕਾਰ ਦੇ ਸਦ ਗੁਣਾਂ ਨਾਲ ਭਰਪੂਰ, ਆਤਮ ਵਿਸ਼ਵਾਸ, ਸਵੈ ਨਿਰਭਰ ਤੇ ਸੰਪੂਰਨ ਮਨੁੱਖ ਹੈ। ਖਾਲਸਾ ਸੰਤ ਵੀ ਹੈ ਸਿਪਾਹੀ ਵੀ, ਖਾਲਸਾ ਗੁਰੂ ਵੀ ਹੈ ਤੇ ਸਿੱਖ ਵੀ, ਖਾਲਸਾ ਗ੍ਰਿਹਸਤੀ ਵੀ ਹੈ ਤੇ ਯੋਗੀ ਵੀ, ਖਾਲਸਾ ਭਗਤ ਵੀ ਹੈ, ਸੂਰਬੀਰ ਵੀ ਹੈ ਤੇ ਦਾਤਾਰ ਵੀ ਹੈ। ਖਾਲਸਾ ਦ੍ਰਿੜ੍ਹ ਵੀ ਹੈ ਤੇ ਨਿਮਰ ਵੀ ਹੈ। ਖਾਲਸਾ ਨਿਰਭੈ ਵੀ ਹੈ ਤੇ ਨਿਰਵੈਰ ਵੀ ਹੈ। ਖਾਲਸਾ ਹਰ ਪ੍ਰਕਾਰ ਦੇ ਗਿਆਨ ਦਾ, ਸ਼ਕਤੀਆਂ ਦਾ ਭੰਡਾਰ ਹੈ ਇਸ ਲਈ ਨਿਰੰਜਨ ਰੂਪ ਹੈ। ਇਹ ਇਕ ਅਜਿਹੀ ਸ਼ਖ਼ਸੀਅਤ ਹੈ ਜਿਸ ਬਾਰੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਫੁਰਮਾਇਆ ਹੈ:

**ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ ॥**
**ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥**

(ਪੰਨਾ ੪੬੯)

ਖਾਲਸਾ ਸਿੱਧਾ ਪਰਮਾਤਮਾ ਨਾਲ ਸੰਬੰਧਿਤ ਹੈ। ਹਰਿ ਤੋਂ ਬਿਨਾਂ ਉਹ ਕਿਸੇ ਦੇ ਅਧੀਨ ਨਹੀਂ ਕਿਸੇ ਦਾ ਮੁਹਤਾਜ ਨਹੀਂ। ਉਹ ਸ਼ਬਦ ਦੀ ਨਿਰੰਜਨੀ ਜੋਤ ਦਾ ਪੂਜਕ ਹੈ। ਖਾਲਸਾ ਅਕਾਲ ਪੁਰਖ ਦੇ ਹੁਕਮ ਵਿਚ ਹੈ ਇਸ ਲਈ ਇਸ ਨੂੰ ਧੁਰੋਂ ਸਰਦਾਰੀ ਪ੍ਰਾਪਤ ਹੈ। ਇਸ ਬਾਰੇ ਗੁਰਬਾਣੀ ਵਿਚ ਫੁਰਮਾਨ ਹੈ:

**ਸਚੇ ਕੀ ਸਿਰਕਾਰ ਜੁਗੁ ਜੁਗੁ ਜਾਣੀਐ॥**
**ਹੁਕਮੁ ਮੰਨੇ ਸਿਰਦਾਰੁ ਦਰਿ ਦੀਬਾਣੀਐ॥**

(ਪੰਨਾ ੧੪੨)


ਖਾਲਸਾ ਕਿਸੇ ਪ੍ਰਕਾਰ ਦੇ ਕਰਮ ਕਾਂਡ ਵਹਿਮ ਭਰਮ ਨੂੰ ਨਹੀਂ ਮੰਨਦਾ। ਜਿਸ ਦੇ ਹਿਰਦੇ ਅੰਦਰ ਪਰਮਾਤਮਾ ਦਾ ਪ੍ਰਤੱਖ ਗਿਆਨ ਜਗਮਗਾਉਂਦਾ ਹੈ ਅਤੇ ਜਿਸ ਦੇ ਮਨ ਵਿੱਚੋਂ ਅਗਿਆਨਤਾ ਦਾ ਭਰਮ ਮਿਟ ਜਾਂਦਾ ਹੈ, ਉਹ ਹੀ ਅਸਲ ਵਿਚ ਖਾਲਸਾ ਹੈ। ਗੁਰੂ ਜੀ ਨੇ ਖਾਲਸੇ ਦਾ ਸਿਰਫ ਆਦਰਸ਼ ਹੀ ਨਹੀਂ ਪੇਸ਼ ਕੀਤਾ ਸਗੋਂ ਅਮਲੀ ਰੂਪ ਵਿਚ ਖਾਲਸਾ ਬਣ ਕੇ ਵੀ ਮਿਸਾਲ ਪੇਸ਼ ਕੀਤੀ ਹੈ।

**ਖਾਲਸ ਖਾਸ ਕਹਾਵੈ ਸੋਈ, ਜਾ ਕੈ ਹਿਰਦੈ ਭਰਮ ਨ ਹੋਈ।**
**ਭਰਮ ਭੇਖ ਤੇ ਰਹੈ ਨਿਆਰਾ, ਸੋ ਖਾਲਸ ਸਤਿਗੁਰੂ ਹਮਾਰਾ।**

(**ਸ੍ਰੀ ਗੁਰ ਸੋਭਾ**)

ਵੈਸਾਖੀ ਦੇ ਦਿਹਾੜੇ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਖਾਲਸੇ ਦੀ ਸਾਜਨਾ ਕੀਤੀ। ਇਸੇ ਪਵਿੱਤਰ ਅਸਥਾਨ ਤੇ ਅੱਜ ਤਖਤ ਸ੍ਰੀ ਕੇਸਗੜ੍ਹ ਸਾਹਿਬ ਸੁਸ਼ੋਭਿਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਸ

ਤਰ੍ਹਾਂ ਸਿੱਖੀ ਧਾਰਨ ਲਈ ਸਿਰ ਦੇਣ ਦੀ ਸ਼ਰਤ ਰੱਖੀ ਸੀ, ਉਸੇ "ਸਿਰੁ ਧਰਿ ਤਲੀ ਗਲੀ ਮੇਰੀ ਆਉ" ਦੇ ਸਿਧਾਂਤ ਨੂੰ ਅਮਲੀ ਜਾਮਾ ਪਹਿਨਾਉਂਦਿਆਂ ਗੁਰੂ ਜੀ ਨੇ ਭਰੇ ਦੀਵਾਨ ਵਿਚ ਸਿੱਖਾਂ ਕੋਲੋਂ ਸੀਸ ਦੀ ਮੰਗ ਕੀਤੀ। ਗੁਰੂ ਜੀ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਦੀਵਾਨ ਵਿੱਚੋਂ ਪੰਜ ਸਿੰਘ ਆਪਣਾ ਸੀਸ ਗੁਰੂ ਚਰਨਾਂ ਵਿਚ ਭੇਟ ਕਰਨ ਲਈ ਉੱਠੇ। ਇਹ ਸਿੱਖ ਸਨ, ਭਾਈ ਦਇਆ ਰਾਮ, ਭਾਈ ਧਰਮ ਦਾਸ, ਭਾਈ ਹਿੰਮਤ ਚੰਦ, ਭਾਈ ਮੁਹਕਮ ਚੰਦ ਤੇ ਭਾਈ ਸਾਹਿਬ ਚੰਦ। ਗੁਰੂ ਜੀ ਨੇ ਇਨ੍ਹਾਂ ਪੰਜਾਂ ਨੂੰ ਨਵੇਂ ਬਸਤਰ ਤੇ ਸ਼ਸਤਰ ਪਹਿਨਾਏ। ਖੰਡੇ ਬਾਟੇ ਦੀ ਪਾਹੁਲ ਹੱਥੀਂ ਤਿਆਰ ਕਰ ਕੇ ਉਨ੍ਹਾਂ ਨੂੰ ਛਕਾਈ ਅਤੇ ਆਪਣੇ ਪਿਆਰਿਆਂ ਦੀ ਪਦਵੀ ਦਿੱਤੀ। ਇਨ੍ਹਾਂ ਸਭਨਾਂ ਦੇ ਨਾਵਾਂ ਨਾਲ ਸਿੰਘ ਪਦ ਲਾਇਆ ਗਿਆ। ਇਨ੍ਹਾਂ ਦੇ ਨਵੇਂ ਨਾਂ ਰੱਖੇ ਗਏ, ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੁਹਕਮ ਸਿੰਘ ਅਤੇ ਭਾਈ ਸਾਹਿਬ ਸਿੰਘ। ਇਨ੍ਹਾਂ ਦਾ ਪੁਰਾਣਾ ਕੁਲ ਵਰਣ ਨਾਸ ਕਰ ਕੇ ਖਾਲਸੇ ਦਾ ਰੂਪ ਬਖ਼ਸ਼ਿਆ। ਫਿਰ ਇਨ੍ਹਾਂ ਤੋਂ ਆਪ ਖੰਡੇ ਦੀ ਪਾਹੁਲ ਛਕ ਕੇ ਗੁਰੂ ਚੇਲੇ ਦਾ ਫਰਕ ਮਿਟਾ ਦਿਤਾ।



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਸਿੰਘਾਂ ਨੂੰ ਗੁਰੂ ਦੀ ਇਕ ਸੰਸਥਾ ਦਾ ਰੂਪ ਦੇ ਦਿੱਤਾ ਤਾਂ ਜੋ ਗੁਰਮਤਿ ਦਾ ਪ੍ਰਚਾਰ ਨਿਰੰਤਰ, ਸਰਵਕਾਲ ਤੇ ਸਰਵ ਵਿਆਪਕ ਕੀਤਾ ਜਾ ਸਕੇ। ਇਸ ਤਰ੍ਹਾਂ ਗੁਰੂ ਜੀ ਨੇ ਆਪਣੇ ਪੰਜ ਰਹਿਤਵਾਨ ਸਿੰਘਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਰਹਿ ਕੇ ਅੰਮ੍ਰਿਤ ਸੰਚਾਰ ਕਰਨ ਦਾ ਅਧਿਕਾਰ ਦੇ ਦਿੱਤਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਜਪੁਜੀ ਸਾਹਿਬ ਵਿਚ ਪੰਚਾਂ ਭਾਵ ਗੁਰਮੁਖਾਂ ਨੂੰ ਸ੍ਰੇਸ਼ਟ ਤੇ ਆਦਰਯੋਗ ਆਖਿਆ ਗਿਆ ਹੈ। ਗੁਰਬਾਣੀ ਵਿਚ ਸਿੱਖ ਤੇ ਗੁਰੂ ਨੂੰ ਇਕ ਹੀ ਸਮਝਿਆ ਗਿਆ ਹੈ ਕਿਉਂਕਿ ਦੋਵਾਂ ਦਾ ਆਧਾਰ ਇੱਕੋ ਗੁਰਮਤਿ ਸਿਧਾਂਤ ਹੁੰਦਾ ਹੈ:

**ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ॥**

(ਪੰਨਾ ੪੪੪)

**ਪੰਚ ਪਰਵਾਣ ਪੰਚ ਪਰਧਾਨੁ॥ ਪੰਚੇ ਪਾਵਹਿ ਦਰਗਹਿ ਮਾਨੁ॥**
**ਪੰਚੇ ਸੋਹਹਿ ਦਰਿ ਰਾਜਾਨੁ॥ ਪੰਚਾ ਕਾ ਗੁਰੁ ਏਕੁ ਧਿਆਨੁ॥**

(ਪੰਨਾ ੩)

ਇਹ ਪੰਚ ਜਾਂ ਬ੍ਰਹਮ ਗਿਆਨੀ ਸਿੱਖ ਖਾਲਸੇ ਦੀ ਰਹਿਣੀ ਬਹਿਣੀ ਵਿਚ ਪੂਰਨ ਹੋਣੇ ਚਾਹੀਦੇ ਹਨ। ਇਨ੍ਹਾਂ ਦੀ ਰਹਿਤ ਮਰਯਾਦਾ ਨਿਸ਼ਚਿਤ ਹੈ ਜੋ ਕਿਸੇ ਵੀ ਸੂਰਤ ਵਿਚ ਭੰਗ ਨਹੀਂ ਹੋਣੀ ਚਾਹੀਦੀ। ਖਾਲਸਾ 'ਸਾਬਤ ਸੂਰਤ ਦਸਤਾਰ ਸਿਰਾ' ਦੇ ਆਦਰਸ਼ ਅਨੁਸਾਰ ਹੋਣਾ ਚਾਹੀਦਾ ਹੈ। ਇਸ ਲਈ ਪੰਜ ਕਕਾਰ-ਕਛਹਿਰਾ, ਕੇਸ, ਕਿਰਪਾਨ, ਕੰਘਾ ਤੇ ਕੜਾ ਦਾ ਧਾਰਨ ਕਰਨਾ ਜ਼ਰੂਰੀ ਹੈ ਅਤੇ ਚਾਰ ਕੁਰਹਿਤਾਂ ਇਸ ਲਈ ਮਨ੍ਹਾਂ ਹਨ-ਤਮਾਕੂ, ਕੁੱਠਾ, ਪਰ ਇਸਤਰੀ ਦਾ ਗਮਨ ਤੇ ਰੋਮਾਂ ਦੀ ਬੇਅਦਬੀ। ਇਸ ਤੋਂ ਇਲਾਵਾ ਖਾਲਸੇ ਲਈ ਬਾਣੀ ਤੇ ਬਾਣਾ ਦੋਵੇਂ ਇੱਕੋ ਜਿਹੇ ਜ਼ਰੂਰੀ ਹਨ। ਇਸ ਨੇ ਗੁਰਬਾਣੀ ਨੂੰ ਗੁਰੂ ਮੰਨਣਾ ਹੈ ਤੇ ਗੁਰੂ ਦੇ ਸ਼ਬਦ ਨੂੰ ਹਿਰਦੇ ਵਿਚ ਵਸਾ ਕੇ ਨਾਮ ਦੇ ਅੰਮ੍ਰਿਤ ਵਿਚ ਆਪਣੇ ਮਨ ਨੂੰ ਰੰਗਣਾ ਹੈ। ਖਾਲਸੇ ਨੂੰ ਸ਼ਸਤਰ ਬਸਤਰ ਸਜਾ ਕੇ ਰੱਖਣੇ ਚਾਹੀਦੇ ਹਨ। ਖਾਲਸੇ ਦਾ ਉਦੇਸ਼ ਸਿਰਫ ਆਪਣੇ ਲਈ ਜਿਊਂਣਾ ਨਹੀਂ ਹੈ। ਇਹ ਇਕ ਮਹਾਨ ਪਰਉਪਕਾਰੀ ਯੋਧਾ ਵੀ ਹੈ। ਇਸ ਨੇ ਧਰਤੀ 'ਤੇ ਮਜ਼ਲੂਮਾਂ ਦੀ ਸਹਾਇਤਾ ਕਰਨੀ ਹੈ। ਜ਼ਾਲਮਾਂ ਦਾ ਵਿਰੋਧ ਕਰਨਾ ਹੈ। ਇਸ ਨੇ ਆਪਣਾ ਤਨ-ਮਨ-ਧਨ ਗੁਰੂ ਨੂੰ ਸੌਂਪ ਦਿੱਤਾ ਹੁੰਦਾ ਹੈ। ਖਾਲਸੇ ਲਈ ਇਹ ਸ਼ਰਤ ਰੱਖ ਦਿੱਤੀ ਸੀ:

**ਧੰਨਿ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿੱਤ ਮੈ ਜੁੱਧੁ ਬਿਚਾਰੈ।**
**ਦੇਹ ਅਨਿੱਤ ਨ ਨਿੱਤ ਰਹੈ ਜਸੁ ਨਾਵ ਚੜ੍ਹੈ ਭਵਸਾਗਰ ਤਾਰੈ।**
**ਧੀਰਜ ਧਾਮ ਬਨਾਇ ਇਹੈ ਤਨ ਬੁੱਧਿ ਸੁ ਦੀਪਕ ਜਿਉਂ ਉਜੀਆਰੈ॥**
**ਗਿਆਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ॥**

ਇਹ ਹੈ ਖਾਲਸੇ ਦਾ ਅੰਦਰਲਾ ਰੂਪ ਕਿ ਗਿਆਨ ਰਾਹੀਂ ਮਨ ਦੀ ਕਾਇਰਤਾ ਨੂੰ ਹੂੰਝ ਕੇ ਬਾਹਰ ਕੱਢ ਦੇਵੇ। ਖਾਲਸੇ ਨੇ ਅਜਿਹਾ ਹੀ ਕੀਤਾ। ਚੱਪੜ ਚਿੜੀ ਦੇ ਮੈਦਾਨ ਵਿਚ ਬਾਬਾ ਬੰਦਾ ਸਿੰਘ ਬਹਾਦਰ ਅਤੇ ਸਾਥੀ ਸਿੱਖ ਯੋਧਿਆਂ ਨੇ ਹਾਥੀ ਘੋੜਿਆਂ ਦੀ ਸੈਨਾ ਨੂੰ ਮਿੱਟੀ ਵਿਚ ਰੋਲ ਦਿੱਤਾ ਅਤੇ ੧੨ ਮਈ ੧੭੧੦ ਈ: ਨੂੰ ਸਰਹਿੰਦ ਦੀ ਧਰਤੀ 'ਤੇ ਸਿੱਖ ਰਾਜ ਦਾ ਖਾਲਸਾਈ ਪਰਚਮ ਲਹਿਰਾ ਦਿੱਤਾ। ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਮਹਾਰਾਜਾ ਰਣਜੀਤ ਸਿੰਘ ਅਤੇ ਅਕਾਲੀ ਫੂਲਾ ਸਿੰਘ ਵਰਗੇ ਯੋਧੇ ਖਾਲਸਾ ਪੰਥ ਵਿਚ ਪੈਦਾ ਹੋਏ ਜਿਨ੍ਹਾਂ ਨੇ ਬਦੇਸ਼ੀ ਜਰਵਾਣਿਆਂ ਨੂੰ ਬਾਹਰ ਧਕੇਲ ਦਿੱਤਾ। ਸਰਦਾਰ ਹਰੀ ਸਿੰਘ ਨਲੂਆ ਵਰਗੇ ਜਰਨੈਲ ਹੋਏ ਜਿਨ੍ਹਾਂ ਤੋਂ ਖੂੰਖਾਰ ਪਠਾਣ ਵੀ ਭੈਅ ਖਾਂਦੇ ਸਨ। ਉਸ ਇਲਾਕੇ ਦੀਆਂ ਇਸਤਰੀਆਂ ਅਜੇ ਵੀ ਆਪਣੇ ਬੱਚਿਆਂ ਨੂੰ 'ਹਰੀਆ ਰਾਗਲੇ' ਕਹਿ ਕੇ ਰੋਣ ਤੋਂ ਚੁੱਪ ਕਰਾਉਂਦੀਆਂ ਹਨ। ਉਨ੍ਹਾਂ ਅੰਦਰ ਇਹ ਗੁਰਮਤਿ ਦੀ ਹੀ ਤਾਕਤ ਸੀ। ਖਾਲਸੇ ਨੇ ਅਨੇਕਾਂ ਬੇਮਿਸਾਲ ਜੰਗਾਂ ਲੜੀਆਂ ਪਰ ਉਨ੍ਹਾਂ ਨੂੰ ਸਿੱਖ ਇਤਿਹਾਸ ਦਾ ਅੰਗ ਹੋਣ ਕਰਕੇ ਦੂਜੀਆਂ ਕੌਮਾਂ ਨੇ ਪੂਰੀ ਤਰ੍ਹਾਂ ਨਹੀਂ ਜਾਣਿਆ। ਇਸ ਦੇ ਮੁਕਾਬਲੇ ਤੇ ਅੰਗਰੇਜ਼ ਰਾਜ ਸਮੇਂ ਸਾਰਾਗੜ੍ਹੀ ਦੇ ਸਾਕੇ ਨੂੰ ਅੰਗਰੇਜ਼ ਅਫ਼ਸਰਾਂ ਨੇ ਅੱਖੀਂ ਵੇਖਿਆ ਅਤੇ ਵਾਇਰਲੈੱਸ ਤੇ ਕੰਨੀਂ ਸੁਣਿਆ ਸੀ। ਬਰਤਾਨੀਆਂ ਦੀ



ਸਰਕਾਰ ਨੇ ਖਾਲਸੇ ਦੀ ਇਸ ਬੀਰਤਾ, ਕੁਰਬਾਨੀ ਤੇ ਨਿਰਭੈਤਾ ਦੀ ਆਪਣੀ ਪਾਰਲੀਮੈਂਟ ਵਿਚ ਸ਼ਲਾਘਾ ਕੀਤੀ।

ਖਾਲਸੇ ਦੀ ਉਪਮਾ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਬਹੁਤ ਕੁਝ ਕਿਹਾ ਹੈ। ਖਾਲਸੇ ਨੂੰ ਆਪਣਾ ਰੂਪ, ਆਪਣਾ ਇਸ਼ਟ, ਆਪਣਾ ਪਿੰਡ ਪਰਾਨ ਤੇ ਸਤਿਗੁਰੂ ਪੂਰਾ ਆਖ ਕੇ ਖਾਲਸੇ ਦੀ ਉਪਮਾ ਵਰਣਨ ਤੋਂ ਬਾਹਰ ਦੱਸੀ ਹੈ। ਅਖੀਰ ਵਿਚ ਇਹ ਵੀ ਕਿਹਾ ਹੈ ਕਿ ਇਸ ਦੇ ਵਿਚ ਕੋਈ ਅਤਿਕਥਨੀ ਨਹੀਂ ਹੈ ਕਿ ਮੈਂ ਇਹ ਪਾਰਬ੍ਰਹਮ ਤੇ ਸ੍ਰੀ ਗੁਰੂ ਨਾਨਕ ਸਾਹਿਬ ਨੂੰ ਸਾਖੀ ਰੱਖ ਕੇ ਕਹਿ ਰਿਹਾ ਹਾਂ:

**ਖਾਲਸਾ ਮੇਰੋ ਰੂਪ ਹੈ ਖਾਸ। ਖਾਲਸੇ ਮਹਿ ਹੌਂ ਕਰੌਂ ਨਿਵਾਸ।**
**ਖਾਲਸਾ ਮੇਰੋ ਇਸ਼ਟ ਸੁਹਿਰਦ। ਖਾਲਸਾ ਮੇਰੋ ਕਹੀਅਤਿ ਬਿਰਦ।**
**ਖਾਲਸਾ ਮੇਰੋ ਪਿੰਡ ਪਰਾਨ। ਖਾਲਸਾ ਮੇਰੀ ਜਾਨ ਕੀ ਜਾਨ।**
**ਖਾਲਸਾ ਮੇਰੋ ਸਤਿਗੁਰ ਪੂਰਾ। ਖਾਲਸਾ ਮੇਰੋ ਸਜਨ ਸੂਰਾ।**
**ਸੇਸ ਰਸਨ ਸਾਰਦ ਸੀ ਬੁਧ। ਤਦਪ ਨ ਉਪਮਾ ਬਰਨਤ ਸੁਧ।**
**ਯਾ ਮੈ ਰੰਚ ਨ ਮਿਥਿਆ ਭਾਖੀ। ਪਾਰਬ੍ਰਹਮ ਗੁਰ ਨਾਨਕ ਸਾਖੀ।**
**(ਸਰਬ ਲੋਹ ਗ੍ਰੰਥ)**

ਵੱਖਰੀ ਪਛਾਣ ਕਿਸੇ ਵੀ ਧਰਮ ਦੀ ਹੋਂਦ ਲਈ ਬਹੁਤ ਜ਼ਰੂਰੀ ਪੱਖ ਹੁੰਦਾ ਹੈ। ਖਾਲਸੇ ਦੇ ਮਹਾਨ ਉਦੇਸ਼ ਨੂੰ ਮੁੱਖ ਰੱਖ ਕੇ ਇਸ ਨੂੰ ਸਾਰੇ ਜਗਤ ਤੋਂ ਨਿਰਾਲਾ ਰੂਪ ਦਿੱਤਾ ਗਿਆ ਹੈ। ਖਾਲਸੇ ਦਾ ਸਰੂਪ, ਸਿਧਾਂਤ, ਕਾਰਜ, ਨਿਸ਼ਾਨਾ ਵਿਲੱਖਣ, ਵਿਸ਼ੇਸ਼ ਅਤੇ ਨਿਆਰਾ ਹੈ। ਇਸ ਦੇ ਨਿਆਰੇ ਰਹਿਣ ਵਿਚ ਹੀ ਪਰਮਾਤਮਾ ਦੀਆਂ ਸਭ ਬਰਕਤਾਂ ਤੇ ਸ਼ਕਤੀਆਂ ਹਨ। ਨਿਰਾਲੇ ਰੂਪ ਕਾਰਨ ਖਾਲਸੇ ਨੂੰ ਕੁਝ ਮੁਸ਼ਕਿਲਾਂ ਤੇ ਚੁਣੌਤੀਆਂ ਵੀ ਪੇਸ਼ ਆ ਰਹੀਆਂ ਹਨ। ਇਨ੍ਹਾਂ ਦਾ ਟਾਕਰਾ ਦ੍ਰਿੜ੍ਹਤਾ ਨਾਲ ਕਰਨ ਦੀ ਲੋੜ ਹੈ। ਤਾਂ ਜੋ ਖਾਲਸੇ ਦੇ ਨਿਰਾਲੇ ਰੂਪ ਨੂੰ ਕਾਇਮ ਰੱਖਿਆ ਜਾ ਸਕੇ।

**ਖਾਲਸਾ ਅਕਾਲ ਪੁਰਖ ਕੀ ਫੌਜ। ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ।**
**ਜਬ ਲਗ ਖਾਲਸਾ ਰਹੇ ਨਿਆਰਾ। ਤਬ ਲਗ ਤੇਜ ਦੀਉ ਮੈਂ ਸਾਰਾ।**
**(ਸਰਬ ਲੋਹ)**

ਚੜ੍ਹਦੀ ਕਲਾ ਦਾ ਗੁਣ ਖਾਲਸੇ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਹੈ। ਇਤਿਹਾਸ ਗਵਾਹ ਹੈ ਕਿ ਬਹੁਤ ਸੰਕਟ ਦੇ ਸਮੇਂ ਵੀ ਸਿੱਖਾਂ ਨੇ ਕਦੀ ਹੌਂਸਲਾ ਨਹੀਂ ਛੱਡਿਆ। ਚਮਕੌਰ ਦੀ ਗੜ੍ਹੀ, ਖਿਦਰਾਣੇ ਦੀ ਢਾਬ ਤੇ ਬਹੁਤ ਅਸਾਵੀਆਂ ਲੜਾਈਆਂ ਵਿਚ ਘੱਟ ਗਿਣਤੀ ਵਿਚ ਹੁੰਦਿਆਂ ਵੀ ਬੀਰਤਾ ਨਾਲ ਕਈ ਗੁਣਾਂ ਵੱਧ ਦੁਸ਼ਮਣ ਦਾ ਮੁਕਾਬਲਾ ਕੀਤਾ। ਛੋਟੇ ਘੱਲੂਘਾਰੇ ਅਤੇ ਵੱਡੇ ਘੱਲੂਘਾਰੇ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸਿੱਖਾਂ ਨੂੰ ਸ਼ਹੀਦ ਕੀਤਾ ਗਿਆ। ਇਸ ਦੇ ਬਾਵਜੂਦ ਉਨ੍ਹਾਂ ਦੇ ਸੰਘਰਸ਼ ਵਿਚ ਕੋਈ ਢਿੱਲ ਨਹੀਂ ਆਈ। ਉਨ੍ਹਾਂ ਨੇ ਅੱਗੇ ਤੋਂ ਵੀ ਵੱਧ ਸ਼ਕਤੀ ਨਾਲ ਦੁਸ਼ਮਣ ਦਾ ਮੁਕਾਬਲਾ ਕੀਤਾ ਤੇ ਫਤਿਹ ਹਾਸਿਲ ਕੀਤੀ। ਇਸ ਤਰ੍ਹਾਂ ਅਤੀ ਔਖੇ ਹਾਲਾਤ ਵਿਚ ਵੀ ਚੜ੍ਹਦੀ ਕਲਾ ਵਿਚ ਰਹਿੰਦਿਆਂ ਸਾਹਮਣਾ ਕਰਨ ਦੀ ਦਾਤ ਸਿਰਫ ਤੇ ਸਿਰਫ ਖਾਲਸੇ ਨੂੰ ਹੀ ਪ੍ਰਾਪਤ ਹੈ।

ਖਾਲਸਾਅ ਾਚਾਰ,ਿ ਵਹਾਰ,ਸ ਦਾਚਾਰ,ਸ ਿਲ-ਸੰਜਮ,ਿ ਤਆਗ, ਕੁਰਬਾਨੀ, ਭਗਤੀ, ਸ਼ਕਤੀ, ਚੜ੍ਹਦੀ ਕਲਾ ਦੇ ਸਦਗੁਣਾਂ ਨਾਲ ਭਰਪੂਰ ਹੈ। ਖਾਲਸੇ ਦੀ ਉਤਪਤੀ ਅਕਾਲ ਪੁਰਖ ਦੇ ਹੁਕਮ ਅਨੁਸਾਰ ਗੁਰੂ ਸਾਹਿਬਾਨ ਤੇ ਹੋਰ ਭਗਤਾਂ ਦੀ ਬਾਣੀ, ਗੁਰੂ ਸਾਹਿਬਾਂ ਦੇ ਉੱਚੇ ਸੁੱਚੇ ਕਰਨੀ ਵਾਲੇ ਜੀਵਨ, ਉਨ੍ਹਾਂ ਦੀ ਲੰਮੀ ਘਾਲਣਾ ਅਗੰਮੀ ਸੋਚ, ਕ੍ਰਾਂਤੀਕਾਰੀ ਦਾਰਸ਼ਨਿਕ ਸਿਧਾਂਤ ਤ੍ਰੈ ਕਾਲੀ ਦ੍ਰਿਸ਼ਟੀ ਅਤੇ ਬੇਮਿਸਾਲ ਕੁਰਬਾਨੀਆਂ ਵਿੱਚੋਂ ਹੋਈ ਹੈ। ਇਸ ਤਰ੍ਹਾਂ ਖਾਲਸੇ ਦੀ ਉਤਪਤੀ ਵਿਚ ਬਹੁਤ ਵਿਸ਼ਾਲ ਪੱਧਰ ਤੇ ਸੰਸਾਰਿਕ ਅਤੇ ਆਤਮਿਕ ਯਤਨ ਲੱਗੇ ਹਨ। ਖਾਲਸਾ ਅਕਾਲ ਪੁਰਖ ਦੀ ਸਾਜਨਾ ਹੈ, ਇਹ ਵਕਤੀ ਨਹੀ ਹੋ ਸਕਦਾ ਕਿਉਂਕਿ ਅਕਾਲ ਪੁਰਖ ਆਪ ਕਾਲ ਤੋਂ ਰਹਿਤ ਹੈ ਤੇ ਉਸ ਦੀ ਰਚਨਾ ਵੀ ਸਦੀਵ ਕਾਲ ਲਈ ਹੁੰਦੀ ਹੈ।

ਅੱਜ ਲੋੜ ਹੈ ਪੰਥਕ ਸੰਸਥਾਵਾਂ, ਸਿੱਖ ਸੰਪਰਦਾਵਾਂ, ਸਭਾ ਸੁਸਾਇਟੀਆਂ, ਸਿਆਸੀ ਅਤੇ ਧਾਰਮਿਕ ਆਗੂਆਂ ਨੂੰ ਇੱਕ ਜੁੱਟ ਹੋ ਕੇ ਹੰਭਲਾ ਮਾਰਨ ਦੀ ਤਾਂ ਜੋ ਅਸੀਂ ਆਪਣੀ ਨੌਜਵਾਨ ਪੀੜ੍ਹੀ ਨੂੰ ਸੰਭਾਲ ਸਕੀਏ ਅਤੇ ਸਿੱਖੀ ਸਰੂਪ ਅਤੇ ਚੰਗੇ ਕਿਰਦਾਰ ਵਾਲੇ ਬਣਾ ਸਕੀਏ।

**ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !**

# ਵਿਸਾਖੀ ਪੁਰਬ - ਖਾਲਸਾ ਪੰਥ ਦੀ ਸਿਰਜਨਾ



ਵਿਸਾਖੀ ਹਰ ਸਾਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਪਹਿਲੀ ਵੈਸਾਖ 13 ਜਾਂ 14 ਅਪ੍ਰੈਲ ਨੂੰ ਮਨਾਈ ਜਾਂਦੀ ਹੈ। ਅੱਜ ਪੰਜਾਬ ਤੋਂ ਬਿਨ੍ਹਾਂ ਭਾਰਤ ਦੇ ਹੋਰ ਸੂਬਿਆਂ ਸਮੇਤ ਵਿਦੇਸ਼ਾਂ ਵਿਚ ਦੂਜੇ ਭਾਈਚਾਰਿਆਂ ਦੇ ਲੋਕਾਂ ਨਾਲ ਮਿਲ ਕੇ ਵਿਸਾਖੀ ਦਿਵਸ ਮਨਾਇਆ ਜਾ ਰਿਹਾ ਹੈ ਜੋ ਅਸੀਂ ਮੀਡੀਏ ਰਾਹੀਂ ਦੇਖ ਰਹੇ ਹਾਂ।

ਯੂ.ਐਸ.ਏ. ਦੀ ਰਾਜਧਾਨੀ ਵਾਸ਼ਿੰਗਟਨ ਨੈਸ਼ਨਲ ਸਿੱਖ ਡੇ ਪਰੇਡ ਵਿਸਾਖੀ ਨੂੰ ਸਮਰਪਿਤ ਵੱਖ-ਵੱਖ ਪਿੰਡਾਂ, ਕਸਬਿਆਂ, ਸ਼ਹਿਰਾਂ ਅਤੇ ਗੁਰੂ ਘਰਾਂ ਤੋਂ ਇਲਾਵਾ ਵੱਖ-ਵੱਖ ਸਕੂਲਾਂ, ਕਾਲਜਾਂ ਅਤੇ ਸੁਸਾਇਟੀਆਂ ਵੱਲੋਂ ਵੀ ਇਸ ਨੂੰ ਬੜੀ ਉਤਸੁਕਤਾ ਨਾਲ ਮਨਾਇਆ ਜਾਂਦਾ ਹੈ।

ਭਾਰਤ ਵਿੱਚ ਵਿਸਾਖੀ ਦੇ ਮਹੀਨੇ ਅਰਥਾਤ 'ਵਿਸਾਖੀ' ਦੇ ਮੇਲੇ ਅਤੇ ਤਿਉਹਾਰ ਦੇ ਮਹੱਤਵ ਦੇ ਪਿਛੋਕੜ ਵਿੱਚ ਕੁਝ ਮਿਥਿਹਾਸਕ ਵਿਸ਼ਵਾਸ, ਪ੍ਰਕਿਰਤਕ ਆਰਥਿਕ ਪ੍ਰਸਿਥਤੀਆਂ, ਧਾਰਮਿਕ ਮਾਨਤਾਵਾਂ, ਸੱਭਿਆਚਾਰਕ ਲੋੜਾਂ ਅਤੇ ਇਤਿਹਾਸਕ ਸੱਚ ਦੇ ਵੱਖ-ਵੱਖ ਪਸਾਰ ਖੁੱਲ੍ਹਦੇ ਹਨ।




**ਜੋਗਿੰਦਰ ਸਿੰਘ ਅਜੈਬ**
**ਆਊਟਲਾਈਨ ਐਡੀਟਰ**
**98152-69145**


ਸਰਦੀ ਦੀ ਰੁੱਤ ਪਿੱਛੋਂ ਵਿਸਾਖ ਵਿੱਚ ਬਿਰਖਾਂ ਦੀਆਂ ਨਵੀਆਂ ਲਗਰਾਂ ਫੁੱਟਦੀਆਂ ਹਨ। ਕਿਧਰੇ ਪੱਤੇ ਹਰੇ-ਕਚੂਰ ਰੰਗ ਦੀ ਭਾਹ ਮਾਰਦੇ ਹਨ ਕਿਧਰੇ ਨੀਮ ਹਰੇ ਰੰਗ ਦੀਆਂ ਰੇਸ਼ਮੀ ਛੋਹ ਵਰਗੀਆਂ ਮੁਲਾਇਮ ਪੱਤੀਆਂ ਚਮਕਦੀਆਂ ਹਨ ਜਿਨ੍ਹਾਂ ਨੂੰ ਵੇਖ ਕੇ ਕੁਦਰਤੀ ਵਰਤਾਰੇ ਦੇ ਇਲਾਹੀ ਕਰਿਸ਼ਮਿਆਂ ਤੋਂ ਬਲਿਹਾਰੇ ਜਾਣ ਨੂੰ ਜੀਅ ਕਰਦਾ ਹੈ। ਇਹ ਮਨਮੋਹਨ ਦ੍ਰਿਸ਼, ਮਨ ਨੂੰ ਅਨੰਦਿਤ ਅਵਸਥਾ ਵਿੱਚ ਵੀ ਲੈ ਜਾਂਦੇ ਹਨ ਪਰ ਖੇੜੇ ਦੀ ਸਥਿਤੀ ਵਿਚ ਪਰਦੇਸੀ ਪਤੀ ਦੇ ਵਿਛੋੜੇ ਦੀ ਬਿਹਬਲਤਾ ਦਾ ਅਹਿਸਾਸ ਵੀ ਵਧਦਾ ਹੈ।

ਆਰਥਿਕ ਪੱਖ ਤੋਂ ਵਿਸਾਖ ਦਾ ਮਹੀਨਾ ਹਰੇਕ ਲਈ ਖੁਸ਼ੀ ਦਾ ਸਮਾਂ ਹੁੰਦਾ ਹੈ। ਇਸ ਮਹੀਨੇ ਅੰਨ ਦੀ ਪ੍ਰਮੁੱਖ ਫ਼ਸਲ ਕਣਕ ਅਤੇ ਛੋਲੇ ਪੱਕ ਕੇ ਤਿਆਰ ਹੁੰਦੇ ਹਨ। ਕਣਕ ਦੀ ਵਾਢੀ ਵੈਸਾਖੀ ਵਾਲੇ ਦਿਨ ਪਾਈ ਜਾਂਦੀ ਹੈ। ਸਪੱਸ਼ਟ ਹੈ ਇਸ ਮਹੀਨੇ ਅਤੇ ਦਿਨ ਦਾ ਸੰਬੰਧ ਕਿਰਸਾਨ ਅਤੇ ਹੋਰ ਸਭ ਦੀ ਆਰਥਿਕਤਾ ਨਾਲ ਹੈ। ਧਾਰਮਿਕ ਮਾਨਵਤਾਵਾਂ ਅਨੁਸਾਰ ਵੀ ਇਹ ਮਹੀਨਾ ਸ਼ੁਭ ਮੰਨੇ ਜਾਣ ਕਾਰਣ ਵਿਆਹ-ਸ਼ਾਦੀਆਂ ਲਈ ਇਹ ਦਿਹਾੜਾ ਬਹੁਤ ਸ਼ੁਭ ਮੰਨਿਆ ਜਾਂਦਾ ਹੈ।

ਧੀਆਂ, ਬਾਬਲ ਦੀ ਜੇਬ ਬਾਰੇ ਜਾਣਦੀਆਂ ਹਨ ਜਿਸ ਵਿੱਚ ਚਾਰ-ਛਿੱਲੜ ਵਿਸਾਖੀ ਦੀ ਫ਼ਸਲ ਕਣਕ-ਛੋਲੇ ਵੇਚ ਕੇ ਹੀ ਆਉਂਦੇ ਹਨ। ਇਸ ਮਹੀਨੇ ਵਰ੍ਹੇ ਭਰ ਦੀ ਕਮਾਈ, ਮੀਂਹ-ਝੱਖੜ ਤੋਂ ਬਚ-ਬਚਾਅ, ਸਾਂਭ-ਸੰਭਾਲਕੇ ਘਰ ਪਹੁੰਚ ਜਾਵੇ, ਸੌ-ਸੌ ਸੁੱਖਣਾਂ ਸੁੱਖੀਆਂ ਜਾਂਦੀਆਂ ਹਨ। ਪੰਜਾਬੀ ਕਵੀ ਦੇ ਕਾਵਿ ਬੋਲ ਹਨ:

**ਪੱਕੀ ਖੇਤੀ ਵੇਖਕੇ ਗਰਬ ਕਰੇ ਕਿਰਸਾਨ**
**ਮੀਂਹ ਹਨੇਰੀ ਝਖੜੋਂ ਘਰ ਆਏ ਤਾਂ ਜਾਣ।**

ਵਾਢੀ ਦਾ ਆਰੰਭ ਕਰਦਿਆਂ ਕਿਸਾਨ ਫੁੱਲਿਆ ਨਹੀਂ ਸਮਾਉਂਦਾ। ਸੋਨੇ ਰੰਗੀ ਪੱਕੀ ਕਣਕ ਦੇ ਲਹਿਰਾਉਂਦੇ ਝੂਲਦੇ ਸਿੱਟੇ ਉਸਨੂੰ ਨਸ਼ਿਆਂ ਦਿੰਦੇ ਹਨ। ਖੇਤਾਂ ਵਿੱਚ ਰੌਣਕਾਂ ਬੱਝ ਜਾਂਦੀਆਂ ਹਨ। ਸਾਂਝੀ-ਮਾਂਝੀ, ਕਿਰਤੀ-ਕਾਮੇ ਬਾਗੋ-ਬਾਗ ਹੋਏ ਪਏ ਹੁੰਦੇ ਹਨ। ਮਸ਼ੀਨੀਕਰਣ ਤੋਂ ਪਹਿਲਾਂ ਕਣਕ ਦੀ ਵਾਢੀ ਵਾਲੇ ਦਿਨ ਮੰਗ ਪਾਉਣ, ਰਲ ਕੇ ਕਟਾਈ ਕਰਨ ਦਾ ਬੜਾ ਸਿਹਤਮੰਦ ਰਿਵਾਜ਼ ਸੀ। ਤੀਵੀਆਂ, ਮੁਟਿਆਰਾਂ ਵੱਡੀ ਸਾਰੀ ਝੋਲੀ ਬੰਨ੍ਹ ਕੇ ਤੇ ਨਿੱਕੇ ਵੱਡੇ ਬਾਲ ਕਣਕ ਦੇ ਡਿੱਗੇ ਸਿੱਟੇ ਚੁਣਦੇ ਜਿਸ ਨੂੰ ਛੀਉ-ਰੰਬਾ ਕਿਹਾ ਜਾਂਦਾ ਹੈ ਉਸ ਸਮੇਂ ਕੁੜੀਆਂ ਸੁਰੀਲੀ ਸੁਰ ਵਿੱਚ ਗਾਉਂਦੀਆਂ ਸਨ। ਇਥੋਂ ਹੀ ਵਿਸਾਖੀ ਦੇ ਮੇਲੇ ਜਾਣ ਦੇ ਚਾਅ ਮਚਲਣ ਲਗ ਪੈਂਦੇ ਸਨ। ਜਿਉਂ ਹੀ ਕਣਕ ਵੱਢੀ ਜਾਣ ਨਾਲ ਕੁਝ ਕਿਆਰੇ ਖਾਲੀ ਹੁੰਦੇ ਜਾਪਦੇ ਮਨਚਲੇ ਗੱਭਰੂਆਂ ਦੇ ਪੈਰ ਉੱਛਲ-ਉੱਛਲ ਪੈਣ ਲਗਦੇ। ਢੋਲ ਵਾਲਾ ਆ ਧਮਕਦਾ। ਢੋਲ ਦੀ ਧੁਨ ਦੇ ਤਾਲ ਨਾਲ ਨਾਚਾਰ ਗੱਭਰੂ ਬਾਹਵਾਂ ਉਲਾਰ ਉਲਾਰਕੇ ਬੋਲੀਆਂ ਦੇ ਨਾਲ ਖੁਸ਼ੀ ਅਤੇ ਜੋਸ਼ ਵਿੱਚ ਮਨੁੱਖੀ ਮਨਾਂ ਨੂੰ ਖੇੜੇ ਬਖਸ਼ਦੇ।

ਸਪੱਸ਼ਟ ਹੈ ਵਿਸਾਖੀ ਦਾ ਪੁਰਬ ਜਦੋਂ ਖੁਸ਼ੀਆਂ ਨਾਲ ਵੱਡੇ ਵੱਡੇ ਇਕੱਠਾਂ



ਵਿੱਚ ਮਨਾਇਆ ਜਾਂਦਾ ਹੈ ਉਦੋਂ ਇਸ ਵਿੱਚ ਲੌਕਿਕ ਰੰਗ ਹੁੰਦਾ ਹੈ। ਮਨ ਦੀਆਂ ਖੁਸ਼ੀਆਂ ਦਾ ਪ੍ਰਗਟਾਵਾ ਅਤੇ ਮਨੋਰੰਜਨ ਹੁੰਦਾ ਹੈ। ਇਹ ਲੋਕਾਂ ਦਾ ਮੇਲਾ ਹੁੰਦਾ ਹੈ।

ਇਸ ਦਿਹਾੜੇ ਦੀ ਵਿਸ਼ੇਸ਼ਤਾ ਹੈ ਕਿ ਵਿਸਾਖੀ ਦੇ ਪੂਰਬ ਅਤੇ ਮੇਲੇ ਨਾਲ ਲੋਕ ਨੇੜਤਾ ਦੀ ਪਰੰਪਰਾ ਵਿੱਚ ਗੁਰੂਆਂ ਦੀ ਦੇਣ ਨਾਲ ਇਸ ਤਿਉਹਾਰ ਦੀ ਜੋ ਨਿਰਾਲੀ ਸ਼ਾਨ ਮਾਨਮੱਤੀ ਹੋ ਕੇ ਉਭਰੀ ਉਹ ਆਪਣੇ ਆਪ ਵਿੱਚ ਬੇਮਿਸਾਲ ਕਾਰਜ ਹੈ। ਇਸ ਮੇਲੇ ਨੂੰ ਸਾਂਝੀਵਾਲਤਾ ਦਾ ਪ੍ਰਤੀਕ ਬਣਾ ਕੇ ਇਕ ਨਿਸ਼ਚਿਤ ਰੂਪ ਵਿੱਚ ਨਰੋਏ ਸਮਾਜ ਦੀ ਉਸਾਰੀ ਦਾ ਸੰਦੇਸ਼ ਦੇ ਕੇ ਗੁਰੂ ਸਾਹਿਬਾਨ ਨੇ ਇਕ ਮਹਾਨ ਕਾਰਜ ਨਿਭਾਇਆ। ਆਮ ਲੋਕਾਂ ਨੂੰ ਮੋਖ (ਮੁਕਤੀ) ਲਈ ਵੈਸਾਖੀ ਦੇ ਪੂਰਬ ਨੂੰ ਕਰਮ-ਕਾਂਡਾਂ ਤੋਂ ਮੁਕਤ ਕਰਕੇ ਮਨੁੱਖੀ ਸਾਂਝ ਦੇ ਨਰੋਏ ਅਰਥ ਦੇਣ ਦੇ ਕੰਮ ਦਾ ਆਰੰਭ ਗੁਰੂ ਕਾਲ ਵਿੱਚ ਤੀਸਰੇ ਗੁਰੂ ਅਮਰਦਾਸ ਜੀ ਦੇ ਯਤਨਾਂ ਦੁਆਰਾ ਹੀ ਹੋ ਗਿਆ ਸੀ। ਜਿਸ ਅਨੁਸਾਰ ਵਿਸਾਖੀ ਦੇ ਪੂਰਬ ਉੱਤੇ ਸਮੂਹ ਸੰਗਤ ਨੇ ਪੰਜਾਬ ਦੇ ਮਹਾਨ ਸਥਾਨ ਗੋਇੰਦਵਾਲ ਵਿਖੇ ਇਕੱਤਰ ਹੋ ਕੇ ਇਸ ਦਿਨ ਨੂੰ ਗੁਰੂ ਗੁਰਮੁਖ ਅਤੇ ਨਾਮ ਦੇ ਜੱਸ ਸਰਵਣ ਕਰਨ ਨਾਲ ਮਨਾਉਣਾ ਆਰੰਭ ਕਰ ਦਿੱਤਾ ਸੀ। ਇਥੇ ਹੀ ਪਾਣੀ ਦੇ ਸਾਂਝੇ ਸ੍ਰੋਤ ਬਾਉਲੀ ਸਾਹਿਬ ਦਾ ਸੰਗਤ ਦੇ ਮਨ ਵਿੱਚ ਸਤਿਕਾਰ ਪੈਦਾ ਹੋ ਗਿਆ ਸੀ।

ਗੁਰੂ ਗੋਬਿੰਦ ਸਿੰਘ ਦੁਆਰਾ ਅਨੰਦਪੁਰ ਸਾਹਿਬ ਵਿਖੇ ਵਿਸਾਖੀ ਦੇ ਦਿਹਾੜੇ ਉੱਤੇ ਖ਼ਾਲਸਾ ਸਾਜਣ ਦੀ ਇਤਿਹਾਸਕ ਘਟਨਾ, ਇਸ ਕੜੀ ਦਾ ਸਿਖਰ ਸੀ। ਵਿਸਾਖੀ ਦੀ ਪ੍ਰਸਿੱਧੀ ਕੇਵਲ ਰਵਾਇਤੀ ਰੌਣਕੀ ਮੇਲੇ ਇਕੱਠ ਅਥਵਾ ਮੇਲੇ ਦੇ ਕਰਮ-ਕਾਂਡੀ ਪੁਰਬ ਤੱਕ ਹੀ ਸੀਮਿਤ ਨਾ ਹੋ ਕੇ ਬਹੁ-ਪੱਖੀ ਮਹੱਤਵ ਗ੍ਰਹਿਣ ਕਰ ਗਈ ਸੀ।

ਇਸ ਦਿਨ ਉੱਤੇ 'ਪੰਜ ਪਿਆਰਿਆਂ ਦੀ ਸਥਾਪਨਾ' ਜੋ ਇਕ ਭਾਰੀ ਇਕੱਠ ਵਿੱਚ ਗੁਰੂ ਗੋਬਿੰਦ ਸਿੰਘ ਨੇ ਇਕ ਨਾਟਕੀ ਵਿਧੀ ਰਾਹੀਂ ਕੀਤੀ, ਸੰਸਾਰ ਦੀ ਇਕ ਵਿਲੱਖਣ ਅਤੇ ਪ੍ਰਸਿੱਧ ਘਟਨਾ ਬਣਕੇ ਉਭਰੀ। ਇਹ ਸ਼ੁਭ ਦਿਹਾੜਾ ਅਨੰਦਪੁਰ ਸਾਹਿਬ ਵਿਖੇ ਪਹਾੜੀ ਰਾਜਿਆਂ ਦੀ ਬਦਨੀਤੀ ਅਤੇ ਮੁਗਲਈ ਹਾਕਮਾਂ ਦੇ ਜ਼ੁਲਮ-ਜ਼ਬਰ, ਅਨਿਆਇ ਅਤੇ ਸੋਸ਼ਣ ਦੇ ਖ਼ਾਤਮੇ ਲਈ ਜਨਤਕ ਸੰਘਰਸ਼ ਲਾਮਬੰਦ ਕਰਨ ਦੇ ਐਲਾਨ ਨਾਲ ਸਬੰਧਿਤ ਸੀ।

ਇਹ ਦਿਨ ਜਾਤੀ ਭੇਦ-ਭਾਵ ਤੇ ਊਚ-ਨੀਚ ਦੇ ਵਿਤਕਰੇ ਨੂੰ ਮੇਟਣ, ਮਨੁੱਖੀ ਬਰਾਬਰੀ ਤੇ ਸਾਂਝੀਵਾਲਤਾ ਦੇ ਸਥਾਪਨਾ ਦਾ ਸੰਕਲਪ ਲੈਣ ਦਾ ਦਿਨ ਸੀ। ਅਨੰਦਪੁਰ ਸਾਹਿਬ ਦੀ 1699ਈ. ਦੀ ਵਿਸਾਖੀ ਦਾ ਮਹਾਨ ਇਤਿਹਾਸਕ ਦਿਨ, ਸਮੁੱਚੇ ਭਾਰਤ ਅਤੇ ਪੰਜਾਬੀਆਂ ਦੇ ਸੂਰਬੀਰ ਨਾਇਕ ਗੁਰੂ ਗੋਬਿੰਦ ਸਿੰਘ ਜੀ ਦੀ ਕਾਰਜ-ਸ਼ੈਲੀ ਦਾ ਇਕ ਅਦੁੱਤੀ ਨਮੂਨਾ ਸੀ। ਜ਼ਾਲਮ ਹਕੂਮਤ ਦੀਆਂ ਵਧੀਕੀਆਂ ਦੇ ਵਿਰੁੱਧ ਜਨਤਾ ਦੇ ਮਨਾਂ ਵਿੱਚ ਰੋਸ ਅਤੇ ਪ੍ਰਤਿਕਰਮ ਨੂੰ ਪੇਸ਼ ਕਰਕੇ ਲੋਕਾਈ ਦੀ ਹੋਂਦ ਨੂੰ ਬਰਕਰਾਰ ਰੱਖਣ ਦਾ ਸੰਕਲਪ ਸੀ। ਇਸ ਸੰਕਲਪ ਨੇ ਦੇਸ਼ ਵਾਸੀਆਂ ਨੂੰ ਜੋ ਸਦੀਆਂ ਤੋਂ ਨਿਤਾਣੇ ਨਿਮਾਣੇ ਅਤੇ ਉਤਸ਼ਾਹ ਹੀਣ ਹੋਏ ਬੈਠੇ ਸਨ ਗੁਲਾਮੀ ਦੇ ਵਿਰੁੱਧ ਜਿਸ ਵਿੱਚ ਸਮਾਜਿਕ, ਧਾਰਮਿਕ, ਰਾਜਨੀਤਿਕ ਅਤੇ ਸਭਿਆਚਾਰਕ ਆਜ਼ਾਦੀ ਦੀ ਮਨਾਹੀ ਸੀ, ਵਿਰੁੱਧ ਬਹਾਦਰੀ ਨਾਲ ਲੜਨ ਦੀ ਰੂਹ ਫੂਕੀ।

ਇਹ ਦਿਨ ਇਕ ਨਵੀਂ ਸੋਚ, ਨਵੇਂ ਯੁੱਗ ਅਤੇ ਨਵੇਂ ਪੈਗਾਮ ਦੇ ਜਨਮ, ਆਰੰਭ ਅਤੇ ਪ੍ਰਸਾਰ ਕਰਨ ਦਾ ਦਿਨ ਸੀ। 1699ਈ. ਦੀ ਅਨੰਦਪੁਰ ਸਾਹਿਬ ਦੀ ਵਿਸਾਖੀ ਦੇ ਦਿਹਾੜੇ ਉੱਤੇ ਗੁਰੂ ਨਾਇਕ ਦੀ ਜ਼ੁਲਮ ਜਬਰ ਅਤੇ ਜਾਤੀ-ਵਿਤਕਰੇ ਵਾਲੇ ਸਮਾਜ ਦਾ ਅੰਤ ਕਰਨ ਦੀ ਜੋ ਵਿਉਂਤ ਸੀ ਉਸ ਨੂੰ ਅਮਲੀ ਰੂਪ ਦੇ ਦਿੱਤਾ। ਵੱਖ-ਵੱਖ ਵਿਦਵਾਨਾਂ ਅਤੇ ਇਤਿਹਾਸਕਾਰਾਂ ਨੇ ਖ਼ਾਲਸਾ ਸਿਰਜਨਾ ਦੀ ਮਹਾਨ ਘਟਨਾ ਨੂੰ ਬੜੇ ਵਿਸਥਾਰ ਨਾਲ ਬਿਆਨ ਕੀਤਾ ਹੈ।

ਖੁੱਲ੍ਹੇ ਪੰਡਾਲ ਵਿੱਚ ਹੋਏ ਇਕੱਠ ਨੂੰ ਸੀਸ ਭੇਟ ਕਰਨ ਦੇ ਚਾਅ ਨਾਲ ਆਪਣੀ ਸੀਸ ਮੰਗਣ ਦੀ ਮੰਗ ਨੂੰ ਜੋੜ ਕੇ ਕਪਟੀਆਂ ਦਾ ਪਾਜ ਖੋਲ੍ਹ ਦਿੱਤਾ ਸੀ ਜੋ ਕੇਵਲ ਦਿਖਾਵਾ ਕਰਨਾ ਜਾਣਦੇ ਸਨ। ਤੰਬੂ ਦੇ ਬਾਹਰ ਅਤੇ ਅੰਦਰ ਦੀ ਘਟਨਾ ਪਿਛੋਂ ਜਦ ਪੰਜ ਸਿੱਖ, ਸੰਤ ਸਿਪਾਹੀ ਦੇ ਰੂਪ ਵਿੱਚ ਸੰਗਤ ਦੇ ਰੂਬਰੂ ਪੇਸ਼ ਹੋਏ ਤਾਂ ਇਹ ਘਟਨਾ ਵਿਖਾਵੇ ਦਾ ਜੀਵਨ ਜੀਊਣ ਵਾਲੇ ਲੋਕਾਂ ਲਈ ਇਕ ਵੰਗਾਰ ਸੀ ਜਿਨ੍ਹਾਂ ਨੂੰ ਹੁਣ ਸੱਚ ਅਤੇ ਝੂਠ ਦੇ ਰਾਹ ਵਿਚੋਂ ਇਕ ਦੀ ਚੋਣ ਕਰਨੀ ਪੈਣੀ ਸੀ। ਗੁਰੂ ਗੋਬਿੰਦ ਸਿੰਘ ਜੀ ਦੀ ਅਨਿਆਇ ਅਤੇ ਨਾ ਬਰਾਬਰੀ ਵਿਰੁੱਧ ਲੜਨ ਲਈ ਤਿਆਰ ਇਹ ਪੰਜ ਸਿੱਖਾਂ ਦੀ ਬਹਾਦਰ ਫੌਜ ਪਿੱਛੋਂ ਵੱਧਦੀ ਗਈ। ਇਹ ਨਵੀਂ ਅਤੇ ਮਹਾਨ ਸਿਰਜਣਾ ਸੀ। ਇਨ੍ਹਾਂ ਨੂੰ ਸਿੰਘ (ਸ਼ੇਰ ਦਾ ਲਕਬ ਬਖ਼ਸ਼ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਇਨ੍ਹਾਂ ਦੇ ਹੱਥੋਂ ਅੰਮ੍ਰਿਤ ਛੱਕ ਕੇ ਵੱਡੇ-ਛੋਟੇ ਉੱਚ-ਨੀਵੇਂ ਦੇ ਵਿਤਕਰੇ ਨੂੰ ਅਮਲ ਵਿੱਚ ਖਤਮ ਕਰ ਦਿੱਤਾ। ਭਾਰਤੀ ਦਾਰਸ਼ਨਿਕ ਪ੍ਰੰਪਰਾ ਵਿੱਚ ਗੁਰੂ ਚੇਲੇ ਦਾ ਅੰਤਰ ਲੰਮੇ ਸਮੇਂ ਤੋਂ ਚਲਿਆ ਆ ਰਿਹਾ ਸੀ। ਗੁਰੂ ਜੀ ਨੇ ਨਵੀਂ ਪਿਰਤ ਦਾ ਅਗਾਜ਼ ਕੀਤਾ। ਇਸ ਨਵੀਂ ਪਿਰਤ ਬਾਰੇ ਜ਼ਿਕਰ ਹੈ:

**ਪ੍ਰਗਟਿਆ ਮਰਦ ਅਗੰਮੜਾ ਵਰਿਆਮ ਇਕੇਲਾ।**
**ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ॥**

ਗੁਰੂ ਨੇ ਵੱਖ ਵੱਖ ਜਾਤਾਂ ਨਾਲ ਸੰਬੰਧਤ ਪੰਜ ਸਿੱਖਾਂ ਵਿੱਚ ਅਤੇ ਲੋਕਾਈ ਵਿੱਚ ਇਸ ਚਮਤਕਾਰੀ ਘਟਨਾ ਨਾਲ ਮਨੁੱਖੀ ਬਰਾਬਰੀ ਦਾ ਅਹਿਸਾਸ ਜਗਾ ਦਿੱਤਾ। ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ

ਸਾਹਿਬ ਸਿੰਘ, ਭਾਈ ਹਿੰਮਤ ਸਿੰਘ ਅਤੇ ਭਾਈ ਮੋਹਕਮ ਸਿੰਘ ਨੂੰ ਗਲ ਨਾਲ ਲਾਇਆ, ਦਿਲੀ ਪਿਆਰਿਆਂ ਦਾ ਰੁਤਬਾ ਦਿੱਤਾ ਅਤੇ ਆਪਣੀ ਅਤੇ ਖ਼ਾਲਸੇ ਦੀ ਅਭੇਦਤਾ ਨੂੰ ਪ੍ਰਗਟਾਉਂਦਿਆਂ ਕਿਹਾ:

**ਖ਼ਾਲਸਾ ਮੇਰੋ ਰੂਪ ਹੈ ਖਾਸ॥**
**ਖਾਲਸੇ ਮਹਿ ਹਉਂ ਕਰੌਂ ਨਿਵਾਸ॥**

ਅਨੰਦਪੁਰ ਸਾਹਿਬ ਵਿਖੇ ਕੇਸਗੜ੍ਹ ਸਾਹਿਬ ਦਾ ਸਥਾਨ ਖ਼ਾਲਸੇ ਦੀ ਸਿਰਜਨਾ ਦੀ ਘਟਨਾ ਤੋਂ ਪਿੱਛੋਂ ਸਿੱਖਾਂ ਅਤੇ ਸਰਬੱਤ ਦਾ ਪਵਿੱਤਰ ਸਥਾਨ ਸਥਾਪਿਤ ਹੋ ਗਿਆ।

ਗੁਰੂ ਸਾਹਿਬ ਸੂਰਬੀਰ ਯੋਧਾ, ਸਮਾਜ ਸੁਧਾਰਕ, ਸਮਾਜ ਉਸਰਈਆ, ਮਹਾਨ ਕਵੀ, ਕੁਸ਼ਲ ਸੈਨਾਪਤੀ ਅਤੇ ਸਫਲ ਪ੍ਰਬੰਧਕ ਸਨ।

ਵਿਸਾਖੀ ਦਾ ਪੁਰਬ ਦਮਦਮਾ ਸਾਹਿਬ, ਤਲਵੰਡੀ ਸਾਬੋ ਅਤੇ ਸਥਾਨਕ ਸਥਾਨਾਂ ਉੱਤੇ ਵੀ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ ਪਰ ਅਨੰਦਪੁਰ ਸਾਹਿਬ ਦੀ ਵਿਸਾਖੀ ਦਾ ਅਨੋਖਾ ਜਲਾਲ ਹੈ। ਦੀਵਾਨ ਸੱਜਦੇ ਹਨ। ਕਵੀਸ਼ਰੀ ਗਾਈ ਜਾਂਦੀ ਹੈ।ਸੰਗਤ ਹੁੰਮ-ਹੁੰਮਾ ਕੇ ਪੁਜਦੀਆਂ ਹਨ।



ਭਾਰਤ ਅਤੇ ਪੰਜਾਬ ਦੀ ਵਿਸਾਖੀ ਦਾ ਗੌਰਵ 1919 ਵਿੱਚ ਹੋਈ ਜਲ੍ਹਿਆਂ ਵਾਲੇ ਬਾਗ਼ ਦੀ ਖ਼ੂਨੀ ਘਟਨਾ ਨਾਲ ਹੋਰ ਵੀ ਵਧਿਆ ਜਦੋਂ ਦੇਸ਼ ਦੀ ਸੁਤੰਤਰਤਾ ਲਈ ਵਿਚਾਰਨ ਦੇ ਸਾਰਥਕ ਯਤਨ ਨੂੰ ਪਛਾੜਨ ਲਈ ਇਸ ਦਿਨ ਉੱਤੇ ਅੰਮ੍ਰਿਤਸਰ ਵਿੱਚ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਆਏ ਹਜ਼ਾਰਾਂ ਦੇਸ਼ ਭਗਤੀ ਦੇ ਜਜ਼ਬ ਨਾਲ ਭਰਪੂਰ ਯਾਤਰੂ ਅਤੇ ਸ਼ਹਿਰ ਦੇ ਚੇਤੰਨ ਲੋਕ ਜਲ੍ਹਿਆਂ ਵਾਲੇ ਬਾਗ਼ ਵਿੱਚ ਇਕ ਜਲਸੇ ਦੇ ਰੂਪ ਵਿੱਚ ਇਕਤਰ ਹੋਏ। ਇਨ੍ਹਾਂ ਦਾ ਦੋਸ਼ ਇਹ ਸੀ ਕਿ ਉਹ ਅੰਗਰੇਜ਼ ਹਕੂਮਤ ਦੀ ਗ਼ੁਲਾਮੀ ਤੋਂ ਤੰਗ ਆ ਚੁੱਕੇ ਸਨ ਤੇ ਹੁਣ ਭਾਰਤ ਦੀ ਆਜ਼ਾਦੀ ਦੀ ਲੜਾਈ ਲੜਨ ਦਾ ਪ੍ਰਣ ਲੈ ਰਹੇ ਸਨ। ਉਸ ਦਿਨ ਮੌਕੇ ਉੱਤੇ ਅੰਗਰੇਜ਼ ਹਕੂਮਤ ਦੁਆਰਾ ਹਜ਼ਾਰਾਂ ਲੋਕਾਂ ਨੂੰ ਗੋਲੀਆਂ ਨਾਲ ਭੁੰਨਣ ਦੀ ਘਟਨਾ ਨਾਲ ਅੰਗਰੇਜ਼ੀ ਹਕੂਮਤ ਨੇ ਆਪਣਾ ਕਫ਼ਨ ਤਿਆਰ ਕਰ ਲਿਆ ਤੇ ਦੇਸ਼ ਵਾਸੀਆਂ ਨੂੰ ਆਜ਼ਾਦੀ ਪ੍ਰਾਪਤ ਕਰਨ ਤੱਕ ਲੜਦੇ ਰਹਿਣ ਤੇ ਸ਼ਹੀਦੀਆਂ ਪ੍ਰਾਪਤ ਕਰਨ ਦੇ ਮਾਰਗ 'ਤੇ ਤੋਰ ਦਿੱਤਾ। ਇਸ ਸਾਕੇ ਦੀ ਵਿਥਿਆ ਲੂ-ਕੰਡੇ ਖੜੇ ਕਰਨ ਵਾਲੀ ਹੈ ਪਰ ਭਾਰਤੀ ਝੁਕੇ ਨਾ, ਸਗੋਂ ਦੂਣ ਸਵਾਏ ਹੋਏ।

ਉਪ੍ਰੋਕਤ ਵਿਚਾਰ ਤੋਂ ਸਪੱਸ਼ਟ ਹੈ ਕਿ ਵਿਸਾਖੀ ਦਾ ਪੁਰਬ ਮੇਲਾ ਸਮੂਹ ਲੋਕਾਂ ਦਾ ਸਾਂਝਾ ਸਮਾਜਕ, ਧਾਰਮਿਕ, ਇਤਿਹਾਸਕ ਅਤੇ ਸੱਭਿਆਚਾਰਕ ਤਿਉਹਾਰ ਹੈ।ਖ਼ਾਲਸੇ ਦੀ ਸਾਜਨਾ ਅਤੇ ਜਲ੍ਹਿਆਂ ਵਾਲੇ ਬਾਗ਼ ਦੇ ਖ਼ੂਨੀ ਸਾਕੇ ਨੇ ਇਸ ਦੀ ਅਹਿਮੀਅਤ ਨੂੰ ਕਈ ਗੁਣਾਂ ਵਧਾਇਆ ਅਤੇ ਸਾਂਝੀਵਾਲਤਾ ਦੇ ਸੰਦੇਸ਼ ਨੂੰ ਪ੍ਰਸਾਰ ਕੇ ਇਸ ਮਾਰਗ ਤੇ ਅਮਲ ਕਰਕੇ ਭਵਿੱਖ ਵਿੱਚ ਆਉਣ ਵਾਲੀਆਂ ਕੌਮਾਂ ਦਾ ਮਾਰਗ ਦਰਸ਼ਨ ਕੀਤਾ। ਵਿਸਾਖੀ ਸਾਰਿਆਂ ਨੂੰ ਬਹੁ-ਪੱਖੀ ਪ੍ਰੇਰਨਾ ਦਿੰਦੀ ਹੈ। ਇਹ ਦਿਨ ਵੱਖ-ਵੱਖ ਸੰਸਥਾਵਾਂ ਅਤੇ ਲੋਕਾਂ ਵੱਲੋਂ ਬੜੀ ਸੱਜ-ਧੱਜ ਅਤੇ ਵਿਉਂਤਬੰਦ ਢੰਗ ਨਾਲ ਮਨਾਇਆ ਜਾਂਦਾ ਹੈ। ਇਹ ਗੱਲ ਉੱਚਿਤ ਹੈ ਕਿ ਮੌਜੂਦਾ ਸਮੇਂ ਦੇ ਵਿਸਾਖੀ ਮੇਲੇ ਪਹਿਲਾਂ ਵਰਗੇ ਰੰਗੀਨ ਨਹੀਂ ਰਹੇ ਜਿਥੇ ਖੱਟੀਆਂ, ਸੰਧੂਰੀਆਂ, ਲਾਲ-ਉਨਾਬੀ, ਸੂਹੀਆਂ ਹਰੀਆਂ ਤੇ ਪੰਜਾਬੀ ਰੰਗ ਬਰੰਗੀਆਂ ਪੁਸ਼ਾਕਾਂ ਤੇ ਚਿਣ ਚਿਣ ਪਾਈਆਂ ਚੋਣਾਂ ਵਾਲੀਆਂ ਰੰਗ ਬਰੰਗੀਆਂ ਚੁੰਨੀਆਂ, ਕੰਨਾਂ ਵਿੱਚ ਲਿਸ਼ਕਦੇ ਵਾਲਿਆਂ ਅਤੇ ਸੋਹਣੇ ਪਰਾਂਦਿਆਂ ਦੇ ਦ੍ਰਿਸ਼ ਨਹੀਂ ਰਹੇ ਪਰ ਇਸ ਦਿਨ ਸਟੇਜਾਂ ਉੱਤੇ ਪੈਂਦੇ ਭੰਗੜੇ, ਗਿੱਧੇ, ਵਿਸਾਖੀ ਦੀ ਵਿਰਾਸਤ ਨੂੰ ਅਗਾਂਹ ਤੋਰ ਰਹੇ ਹਨ ਤੇ ਸਾਂਝੇ ਮੇਲੇ ਤੇ ਭਾਈਚਾਰਕ ਸਾਂਝ ਨੂੰ ਟੁੱਟਣ ਨਹੀਂ ਦੇ ਰਹੇ ਉਥੇ ਸਾਂਝੀਵਾਲਤਾ ਅਤੇ ਅਨਿਆਇ ਵਿਰੁੱਧ ਸ਼ਹੀਦੀਆਂ ਦਾ ਇਤਿਹਾਸਕ ਸੱਚ ਮੁੜ ਚਰਚਾ ਵਿੱਚ ਪ੍ਰਵਾਹਤ ਹੁੰਦਾ ਹੈ।



# ਅਪ੍ਰੈਲ ਮਹੀਨੇ ਦੇ ਵਿਸ਼ੇਸ਼ ਧਾਰਮਿਕ ਦਿਹਾੜੇ

## ਗੁਰਪੁਰਬ ਜੋਤੀ ਜੋਤ ਸਮਾਉਣਾ
## ਗੁਰੂ ਹਰਿਗੋਬਿੰਦ ਜੀ



ਗੁਰੂ ਨਾਨਕ ਨਾਮ ਲੇਵਾ ਪੰਥ ਵਿਚ ਬੀਰ ਰਸ ਭਰਨ ਲਈ ਗੁਰੂ ਜੀ ਨੇ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ 'ਅਕਾਲ ਤਖ਼ਤ' ਦੀ ਰਚਨਾ ਕੀਤੀ। ਇਥੇ ਬੈਠ ਕੇ ਹੀ ਗੁਰੂ ਜੀ ਆਪਣੇ ਯੋਧਿਆਂ ਨੂੰ ਬੀਰ ਰਸ ਦਾ ਉਪਦੇਸ਼ ਦਿੰਦੇ ਹੁੰਦੇ ਸਨ ਅਤੇ ਪੰਥ ਜੀ ਚੜ੍ਹਦੀ ਕਲਾ ਵਾਸਤੇ ਅਰਦਾਸਾ ਸੋਧ ਕੇ ਚੜ੍ਹਾਈ ਕਰਿਆ ਕਰਦੇ ਸਨ। ਬਾਬਾ ਬੁੱਢਾ ਜੀ ਅਤੇ ਹੋਰ ਸਿੱਖਾਂ ਨਾਲ ਗਿਆਨ ਬਿਬੇਕ ਰਚਨਾ ਦੀ ਚਰਚਾ ਕਰਕੇ ਗੁਰੂ ਜੀ ਬਿਬੇਕੀ ਬਿਹੰਗਮਾਂ ਦੇ ਨਿਵਾਸ ਵਾਸਤੇ ਗੁਰਦੁਆਰਾ ਬਿਬੇਕਸਰ ਦੀ ਨੀਂਹ ਰੱਖੀ। ਮਾਈ ਕੌਲਾਂ ਦੀ ਬੇਨਤੀ ਨੂੰ ਪ੍ਰਵਾਨ ਕਰਕੇ ਉਨ੍ਹਾਂ ਦੀ ਯਾਦ ਨੂੰ ਸਦਾ ਕਾਇਮ ਰੱਖਣ ਵਾਸਤੇ ਗੁਰੂ ਜੀ ਨੇ ਮਾਈ ਕੌਲਾਂ ਦੇ ਨਾਮ ਉੱਤੇ ਕੌਲਸਰ ਸਰੋਵਰ ਰਚਿਆ। ਆਪ ਜੀ ਨੇ ਫਰਮਾਇਆ ਕਿ ਜੇ ਪ੍ਰਾਣੀ ਮਾਤਰ ਪਹਿਲਾਂ ਇਸ ਸਰੋਵਰ ਵਿਚ ਇਸ਼ਨਾਨ ਕਰਕੇ ਫਿਰ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰੇਗਾ, ਉਸ ਦਾ ਤਨ ਮਨ ਨਿਰਮਲ ਹੋ ਜਾਵੇਗਾ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਯਾਦਗਾਰੀ ਅਸਥਾਨ ਨਾਨਕ ਮਤੇ ਨੂੰ ਗੁਰੂ ਜੀ ਨੇ ਗੋਰਖਮੱਤੀ ਯੋਗੀਆਂ ਤੋਂ ਆਜ਼ਾਦ ਕਰਾਇਆ ਅਤੇ ਗੁਰੂ ਨਾਨਕ ਦੇਵ ਜੀ ਦੀ ਯਾਦਗਾਰ ਵਾਲੇ ਸੜੇ ਹੋਏ ਪਿੱਪਲ ਨੂੰ ਹਰਾ ਭਰਾ ਕੀਤਾ।

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਆਪਣੇ ਸ਼ਰਧਾਲੂ ਸਿੱਖ ਭਾਈ ਰੂਪਾ ਦੇ ਨਾਮ ਉੱਤੇ 'ਭਾਈ ਰੂਪਾ' ਪਿੰਡ ਦੀ ਨੀਂਹ ਰੱਖੀ ਅਤੇ ਭਾਈ ਰੂਪੇ ਨੂੰ ਲੰਗਰ ਜਾਰੀ ਕਰਨ ਵਾਸਤੇ ਹੁਕਮ ਦਿੱਤਾ।

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਬਾਬਾ ਗੁਰਦਿੱਤਾ ਜੀ ਤੋਂ ਕੀਰਤਪੁਰ ਦੀ ਨੀਂਹ ਰਖਵਾਈ ਅਤੇ ਇਸ ਨੂੰ ਰੌਣਕ ਬਖਸ਼ ਕੇ ਆਪਣੀ ਉਮਰ ਦੇ ਅੰਤਮ ਦੱਸ ਸਾਲ ਗੁਰੂ ਜੀ ਨੇ ਇਥੇ ਹੀ ਬਤੀਤ ਕੀਤੇ। ਜਿਸ ਸਥਾਨ ਤੇ ਆਪ ਜੋਤੀ ਜੋਤ ਸਮਾਏ ਸਨ ਉਥੇ ਗੁਰਦੁਆਰਾ ਪਤਾਲਪੁਰੀ ਕਾਇਮ ਹੈ। ਸਿੱਖ ਸੰਪਰਦਾਇ ਦੇ ਲੋਕ ਇਸ ਸਥਾਨ ਨੂੰ ਵਿਸ਼ੇਸ਼ ਮਹੱਤਤਾ ਦਿੰਦੇ ਹੋਏ ਆਪਣੇ ਮ੍ਰਿਤਕਾਂ, ਸਾਕ-ਸੰਬੰਧੀਆਂ ਦੇ ਫੁੱਲ ਇਸ ਕੋਲ ਚੱਲ ਰਹੇ ਸਤਲੁਜ ਦਰਿਆ ਵਿਚ ਜਲ-ਪ੍ਰਵਾਹ ਕਰਦੇ ਹਨ। ਗੁਰੂ ਹਰਿਗੋਬਿੰਦ ਜੀ ਨੇ ਹੀ ਮ੍ਰਿਤਕ ਪ੍ਰਾਣੀ ਦੀਆਂ ਪੁਰਾਤਨ ਰੀਤੀਆਂ ਕਰਨ ਦੀ ਥਾਂ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨ ਦੀ ਮਰਿਯਾਦਾ ਕਾਇਮ ਕੀਤੀ।


**ਪਰਮਿੰਦਰਜੀਤ ਸਿੰਘ**
**ਕੋ-ਐਡੀਟਰ**
**99153-57524**




ਇਸੇ ਹੀ ਲੜੀ ਦੇ ਤਹਿਤ ਗੁਰੂ ਹਰਿਗੋਬਿੰਦ ਜੀ ਨੇ ਬਿਆਸ ਦਰਿਆ ਦੇ ਕੰਢੇ ਇਕ ਉਜੜੇ ਹੋਏ ਪਿੰਡ ਰੁਹੇਲਾ ਨੂੰ ਵਸਾ ਕੇ ਨਾਮ ਹਰਿਗੋਬਿੰਦਪੁਰ ਰੱਖਿਆ।

ਗੁਰੂ ਜੀ ਨੇ ਸਿੱਖ ਪੰਥ ਵਿਚ ਬੀਰਰਸ ਭਰ ਕੇ ਜ਼ੁਲਮ ਦਾ ਟਾਕਰਾ ਕਰਨ ਵਾਸਤੇ ਸਿੱਖਾਂ ਨੂੰ ਤਿਆਰ-ਬਰ-ਤਿਆਰ ਰਹਿਣ ਲਈ ਉਪਦੇਸ਼ ਦਿੱਤਾ ਜਿਸ ਨਾਲ ਸਿੱਖ ਕੌਮ ਵਿਚ ਸੂਰਬੀਰਤਾ ਦੀ ਨੀਂਹ ਰੱਖੀ ਗਈ।

ਇਹ ਸਾਰੇ ਕੰਮਕਾਜ ਕਰਦੇ ਅਤੇ ਸੰਗਤਾਂ ਨੂੰ ਉਪਦੇਸ਼ ਦਿੰਦੇ ਹੋਏ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਆਪਣੀ ਗੁਰਗੱਦੀ ਸ੍ਰੀ ਹਰਿਰਾਇ ਸਾਹਿਬ ਜੀ ਨੂੰ ਸੌਂਪਣ ਤੋਂ ਬਾਅਦ ਕੀਰਤਪੁਰ ਵਿਚ ਸਤਲੁਜ ਨਦੀ ਦੇ ਕੰਢੇ ਦੀਵਾਨ ਲਾਉਂਦੇ ਰਹੇ। ਰੋਜ਼ਾਨਾ ਕੀਰਤਨ ਸੁਣਦੇ। ਇਸ ਤਰ੍ਹਾਂ ਛੇ ਮਹੀਨੇ ਬੀਤ ਗਏ। ਸੰਗਤਾਂ ਦਾ ਇਕੱਠ ਇਥੇ ਹੀ ਹੁੰਦਾ ਸੀ। ਹਰ ਤਰ੍ਹਾਂ ਦੇ ਸਾਧ ਸੰਤ ਗੁਰੂ ਜੀ ਕੋਲ ਅਗਵਾਈ ਲਈ ਆਉਂਦੇ ਸਨ।

ਇਕ ਦਿਨ ਆਪਣਾ ਅੰਤ ਸਮਾਂ ਨੇੜੇ ਜਾਣ ਕੇ ਗੁਰੂ ਜੀ ਨੇ ਸੰਗਤਾਂ ਨੂੰ ਕਿਹਾ ਕਿ ਸਾਡੇ ਪਿਛੋਂ ਸੋਗ ਨਹੀਂ ਮਨਾਉਣਾ। ਜੋ ਗੁਰੂ ਦਾ ਹੁਕਮ ਮੰਨੇ ਉਹ ਹੀ ਗੁਰੂ ਪਿਆਰਾ ਹੈ ਅਤੇ ਆਪ ਇਕ ਇਕਾਂਤ ਕਮਰੇ ਵਿਚ ਬੈਠ ਗਏ। ਗੁਰੂ ਸ੍ਰੀ ਹਰਿਰਾਇ ਜੀ ਨੂੰ ਕਿਹਾ ਕਿ ਪੰਜ ਦਿਨ ਦਰਵਾਜ਼ਾ ਨਹੀਂ ਖੋਲ੍ਹਣਾ। ਹੁਕਮ ਅਨੁਸਾਰ ਗੁਰੂ ਹਰਿਰਾਇ ਜੀ ਨੇ ਪੰਜ ਦਿਨ ਬਾਅਦ ਦਰਵਾਜ਼ਾ ਖੋਲ੍ਹਿਆ ਤਾਂ ਦੇਖਿਆ ਕਿ ਗੁਰੂ ਜੀ ਸਮਾਧੀ ਲਾਈ ਬੈਠੇ ਸਨ। ਉਨ੍ਹਾਂ ਦੇ ਨੇੜੇ ਜਾਣ ਤੇ ਗੁਰੂ ਜੀ ਨੇ ਸਰੀਰ ਤਿਆਗ ਦਿੱਤਾ। ਇਹ 1644 ਈ. ਦੀ ਗੱਲ ਹੈ ਉਸ ਸਮੇਂ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਉਨ੍ਹਾਂ ਦੀ ਉਮਰ 48 ਸਾਲ 8 ਮਹੀਨੇ ਅਤੇ 15 ਦਿਨ ਸੀ। ਇਸ ਉਮਰ ਵਿਚ ਗੁਰੂ ਜੀ 38 ਸਾਲ 9 ਮਹੀਨੇ 4 ਦਿਨ ਗੁਰਗੱਦੀ ਤੇ ਬਿਰਾਜਮਾਨ ਰਹੇ।

ਸ੍ਰੀ ਗੁਰੂ ਹਰਿਰਾਇ ਜੀ ਨੇ ਉਥੇ ਦਰਿਆ ਦੇ ਕੰਢੇ ਹੀ ਸੰਸਕਾਰ ਕੀਤਾ ਅਤੇ ਫੁੱਲਾਂ/ਭਸਮ ਦਰਿਆ ਵਿਚ ਜਲ ਪ੍ਰਵਾਹ ਕਰ ਦਿੱਤੇ। ਇਸੇ ਹੀ ਜਗ੍ਹਾ ਤੇ ਗੁਰਦੁਆਰਾ ਪਤਾਲਪੁਰੀ ਸੁਸ਼ੋਭਿਤ ਹੈ। ਜੋਤੀ ਜੋਤ ਸਮਾਉਣ ਦਾ ਗੁਰਪੁਰਬ ਇਸ ਵਾਰ ਇਕ ਅਪ੍ਰੈਲ 2017 ਨੂੰ ਨਾਨਕਸ਼ਾਹੀ ਕੈਲੰਡਰ ਦੇ ਹਿਸਾਬ ਨਾਲ ਮਨਾਇਆ ਗਿਆ।

## ਜਨਮ ਦਿਨ 'ਤੇ ਵਿਸ਼ੇਸ਼
## ਬੇਬੇ ਨਾਨਕੀ ਜੀ

ਆਪ ਜੀ ਦਾ ਜਨਮ 2 ਅਪ੍ਰੈਲ 1464 ਨੂੰ ਮਾਤਾ ਤ੍ਰਿਪਤਾ ਜੀ ਦੀ ਕੁੱਖ

’ਚੋਂ ਤੇ ਸ੍ਰੀ ਪਿਤਾ ਮਹਿਤਾ ਕਾਲੂ ਜੀ ਦੇ ਗ੍ਰਹਿ ਵਿਖੇ ਪਿੰਡ ਚਾਹਲ (ਹੁਣ ਪਾਕਿਸਤਾਨ ’ਚ) ਲਾਹੌਰ ਵਿਚ ਹੋਇਆ। ਆਪ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਭੈਣ ਜੋ ਕਿ ਤਕਰੀਬਨ ਗੁਰੂ ਜੀ ਤੋਂ ਪੰਜ ਸਾਲ ਵੱਡੇ ਸਨ। ਇਤਿਹਾਸ ਦੱਸਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੂੰ ਸਭ ਤੋਂ ਪਹਿਲਾਂ ਅਧਿਆਤਮਕ ਪੁਰਸ਼ ਦਾ ਅਹਿਸਾਸ ਬੇਬੇ ਨਾਨਕੀ ਜੀ ਨੂੰ ਹੀ ਹੋਇਆ ਸੀ। ਬੇਬੇ ਨਾਨਕੀ ਜੀ ਗੁਰੂ ਨਾਨਕ ਦੇਵ ਜੀ ਨੂੰ ਬਹੁਤ ਪਿਆਰ ਕਰਦੇ ਸਨ ਅਤੇ ਬਹੁਤ ਵਾਰੀ ਉਨ੍ਹਾਂ ਨੇ ਪਿਤਾ ਕਾਲੂ ਕੋਲੋਂ ਜੋ ਕਿ ਗੁਰੂ ਜੀ ਨੂੰ ਅਕਸਰ ਗੁੱਸਾ ਕਰਦੇ ਰਹਿੰਦੇ ਸਨ, ਬਚਾਇਆ ਸੀ। ਬੇਬੇ ਨਾਨਕੀ ਜੀ ਅੰਦਰ ਦੀਆਂ ਜਾਨਣ ਵਾਲੇ ਸੀ ਤੇ ਉਹ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਦੇ ਸਨ ਕਿ ਗੁਰੂ ਨਾਨਕ ਦੇਵ ਜੀ ਕੋਈ ਰੱਬੀ ਰੂਹ ਹਨ, ਆਮ ਇਨਸਾਨ ਨਹੀਂ ਹਨ ਜਿਸ ਤੋਂ ਕਿ ਪਿਤਾ ਕਾਲੂ ਅਨਜਾਣ ਸਨ। ਜਦੋਂ ਭੀ ਪਿਤਾ ਕਾਲੂ ਅਤੇ ਗੁਰੂ ਜੀ ਵਿਚ ਕੋਈ ਗੱਲਬਾਤ ਹੁੰਦੀ ਤਾਂ ਬੇਬੇ ਨਾਨਕੀ ਜੀ ਗੁਰੂ ਜੀ ਦਾ ਹੀ ਪੱਖ ਪੂਰਿਆ ਕਰਦੇ ਸਨ।

ਆਪ ਜੀ ਦਾ ਸ਼ੁਭ ਵਿਆਹ ਭਾਈ ਜੈ ਰਾਮ ਜੀ ਨਾਲ ਹੋਇਆ ਜੋ ਕਿ ਸੁਲਤਾਨਪੁਰ ਲੋਧੀ ਵਿਚ ਰਹਿੰਦੇ ਸਨ। ਜੋ ਕਿ ਜ਼ਿਲ੍ਹਾ ਕਪੂਰਥਲਾ ਵਿਚ ਹੈ। ਬਾਅਦ ਵਿਚ ਪਿਤਾ ਕਾਲੂ ਜੀ ਦੇ ਕਹਿਣ ਤੇ ਜੈ ਦੇਵ ਜੀ ਗੁਰੂ ਜੀ ਨੂੰ ਆਪਣੇ ਨਾਲ ਸੁਲਤਾਨਪੁਰ ਲੋਧੀ ਲੈ ਆਏ ਤੇ ਗੁਰੂ ਨਾਨਕ ਦੇਵ ਜੀ ਇਥੇ ਹੀ ਆਪਣੀ ਭੈਣ ਬੇਬੇ ਨਾਨਕੀ ਨਾਲ ਰਹਿਣ ਲੱਗ ਪਏ। 1518 ਵਿਚ ਬੇਬੇ ਨਾਨਕੀ ਜੀ ਜੋਤੀ ਜੋਤ ਸਮਾ ਗਏ ਅਤੇ ਉਨ੍ਹਾਂ ਤੋਂ ਠੀਕ ਤਿੰਨ ਦਿਨ ਬਾਅਦ ਉਨ੍ਹਾਂ ਦੇ ਪਤੀ ਜੈਰਾਮ ਜੀ ਵੀ ਸਵਰਗ ਸਿਧਾਰ ਗਏ।

**ਗੁਰੂ ਨਾਨਕ ਦੇਵ ਜੀ ਤੇ ਭੈਣ ਬੇਬੇ ਨਾਨਕੀ ਸੰਵਾਦ**

ਜਦੋਂ ਭੈਣ ਘਰ ਅੱਪੜੀ ਮੁਕਤ ਜੁਗਤ ਦੀ ਪੌਣ
ਬੋਲੀ ਵੇ ਤੱਕ ਸੁਲਤਾਨਪੁਰ ਤੇਰੇ ਵਿਹੜੇ ਕੌਣ
ਪੈਰਾਂ ਉੱਤੇ ਢਹਿ ਪਈ ਜਦੋਂ ਪਹੁੰਚਿਆ ਵੀਰ
ਤੇਰੇ ਸਦਕੇ ਵੀਰਨਾਂ ਤੂੰ ਮੇਰਾ ਜਗਸੀਰ
ਵੱਡੀ ਹੈਂ ਤੂੰ ਉਮਰ ਵਿਚ ਪੈਰੀਂ ਪਵਾਂਗਾ ਮੈਂ
ਆਪਣੀ ਵੱਡੀ ਭੈਣ ਤੋਂ ਬਖਸ਼ਸ਼ ਲਵਾਂਗਾ ਮੈਂ
ਸੱਚ ਆਖੇਂ ਪਰ ਵੀਰਨਾਂ ਤੂੰ ਨਹੀਂ ਆਮ ਮਨੁੱਖ
ਤੈਨੂੰ ਹੇ ਪਰਮੇਸ਼ਵਰ ਤੱਕ ਤੱਕ ਲੱਥੇ ਭੁੱਖ

**ਹਵਾਲਾ :** ਭਾਈ ਬਾਲੇ ਵਾਲੀ ਜਨਮ ਸਾਖੀ

## ਪ੍ਰਕਾਸ਼ ਪੁਰਬ ’ਤੇ ਵਿਸ਼ੇਸ਼
## ਸ੍ਰੀ ਗੁਰੂ ਅਰਜਨ ਦੇਵ ਜੀ

ਧੰਨ ਧੰਨ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਗੱਦੀ ਤੇ ਤੀਸਰੇ ਗੁਰੂ ਦੇ ਰੂਪ ਵਿਚ ਬਿਰਾਜਮਾਨ ਸਨ। ਉਸ ਵਕਤ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ 15 ਅਪ੍ਰੈਲ 1563 ਈ. ਨੂੰ ਸ੍ਰੀ ਗੁਰੂ ਰਾਮਦਾਸ ਜੀ ਦੇ ਘਰ ਮਾਤਾ ਭਾਨੀ ਜੀ ਦੀ ਕੁੱਖੋਂ ਸ੍ਰੀ ਗੋਇੰਦਵਾਲ ਵਿਖੇ ਹੋਇਆ। ਜਦੋਂ ਗੁਰੂ ਅਰਜਨ ਦੇਵ ਜੀ ਦਾ ਜਨਮ ਹੋਇਆ ਤਾਂ ਉਸ ਵੇਲੇ ਭਾਈ ਜੇਠਾ ਜੀ (ਰਾਮਦਾਸ ਜੀ) ਅਤੇ ਮਾਤਾ ਭਾਨੀ ਜੀ ਸ੍ਰੀ ਗੁਰੂ ਅਮਰਦਾਸ ਜੀ ਕੋਲ ਹੀ ਗੋਇੰਦਵਾਲ ਵਿਚ ਰਹਿੰਦੇ ਸਨ। ਮਾਤਾ ਭਾਨੀ ਜੀ ਗੁਰੂ ਅਮਰਦਾਸ ਜੀ ਦੀ ਛੋਟੀ ਸਪੁੱਤਰੀ ਸੀ। ਅਰਜਨ ਦੇਵ ਜੀ ਦੇ ਜਨਮ ਦੀ ਖ਼ਬਰ ਸੁਣ ਕੇ ਗੁਰੂ ਜੀ ਆਪਣੇ ਦੋਹਤੇ ਨੂੰ ਅਸੀਸ ਦੇਣ ਗਏ। ਬਾਲਕ ਨੂੰ ਗੋਦ ਵਿਚ ਲੈ ਕੇ ਉਨ੍ਹਾਂ ਨੇ ਇਹ ਹੀ ਕਿਹਾ ਸੀ ਕਿ ਇਹ ਭਾਰੀ ਪੁਰਖ ਜਨਮਿਆ ਹੈ (ਹਵਾਲਾ : ਲੇਖਕ ਬਲਬੀਰ ਸੰਧਾ ਡਡਵਿੰਡੀ) ਗੁਰੂ ਅਰਜਨ ਦੇਵ ਜੀ ਗੁਰੂ ਘਰ ਦੇ ਵਾਤਾਵਰਣ ਵਿਚ ਹੀ ਪਲੇ। ਗੁਰੂ ਸਾਹਿਬ ਦੀ ਸੇਵਾ, ਨਿਮਰਤਾ ਅਤੇ ਸੰਸਾਰਕ ਵਸਤਾਂ ਪ੍ਰਤੀ ਬੇਪ੍ਰਵਾਹੀ ਉਹ ਆਪਣੀਆਂ ਅੱਖਾਂ ਨਾਲ ਦੇਖ ਰਹੇ ਸਨ।

ਗੁਰੂ ਰਾਮਦਾਸ ਜੀ ਦੇ ਤਿੰਨ ਪੁੱਤਰ ਪ੍ਰਿਥੀ ਚੰਦ, ਮਹਾਂਦੇਵ ਅਤੇ ਅਰਜਨ ਦੇਵ ਸਨ, ਜੋ ਕਿ ਬਾਬਾ ਬੁੱਢਾ ਜੀ ਦੀ ਦੇਖ-ਰੇਖ ਅਤੇ ਨਾਨਾ ਗੁਰੂ ਅਮਰਦਾਸ ਜੀ ਦੀ ਛਤਰ-ਛਾਇਆ ਵਿਚ ਪਲੇ। ਗੁਰੂ ਜੀ ਦਾ ਭਤੀਜਾ ਭਾਈ ਗੁਰਦਾਸ ਜੀ ਅਰਜਨ ਦੇਵ ਜੀ ਦੇ ਸਹਿਪਾਠੀ ਸਨ। ਇਹਨਾਂ ਨੂੰ ਗੁਰਮੁਖੀ ਅੱਖਰਾਂ ਦਾ ਗਿਆਨ ਆਪ ਗੁਰੂ ਜੀ ਨੇ ਦਿੱਤਾ ਸੀ। ਦੇਵਨਾਗਰੀ ਪਿੰਡ ਦੇ ਪਾਂਧੇ ਕੋਲੋਂ ਸਿੱਖੀ। ਸੰਸਕ੍ਰਿਤ ਦੀ ਜਾਣਕਾਰੀ ਪੰਡਤ ਬੇਣੀ ਪਾਸੋਂ ਪ੍ਰਾਪਤ ਕੀਤੀ। ਫ਼ਾਰਸੀ ਪਿੰਡ ਦੀ ਪਾਠਸ਼ਾਲਾ ਵਿਚੋਂ ਸਿੱਖੀ। ਗਣਿਤ ਤੇ ਹੋਰ ਵਿਦਿਆਵਾਂ ਦੀ ਸਿੱਖਿਆ ਤੀਸਰੇ ਗੁਰੂ ਜੀ ਦੇ ਪੁੱਤਰ ਮੋਹਰੀ ਜੀ ਕੋਲੋਂ ਲਈ। ਰਾਗ ਵਿੱਦਿਆ ਵਿਚ ਵੀ ਆਪ ਮਾਹਿਰ ਸਨ। ਘੋੜ ਸਵਾਰੀ ਅਤੇ ਨੇਜਾਬਾਜ਼ੀ ਵਿਚ ਆਪ ਜੀ ਦਾ ਕੋਈ ਮੁਕਾਬਲਾ ਹੀ ਨਹੀਂ ਸੀ। ਉਸਾਰੀ ਦੇ ਕੰਮਾਂ ਨੂੰ ਕਰਨ ਦੇ ਨਾਲ-ਨਾਲ ਆਪ ਜੀ ਸ਼ਿਲਪ ਕਲਾ ਵਿਚ ਵੀ ਨਿਪੁੰਨ ਸਨ। ਆਪ ਜੀ ਦੀ ਸ਼ਿਲਪ ਕਲਾ ਦੀ ਉਦਾਹਰਣ ਆਪ ਦੁਆਰਾ ਵਸਾਏ ਹੋਏ ਸ਼ਹਿਰ ਹਰਿਮੰਦਰ ਸਾਹਿਬ, ਤਰਨਤਾਰਨ, ਬਾਉਲੀ ਸਾਹਿਬ ਤੇ ਦੀਵਾਨ ਖਾਨਾ ਆਦਿ ਅਤੇ ਆਪ ਜੀ ਦੁਆਰਾ ਲਾਏ ਗਏ ਬਾਗ਼ ਤੋਂ ਮਿਲਦੀ ਹੈ। ਇਸ ਵਾਰ ਨਾਨਕਸ਼ਾਹੀ ਕੈਲੰਡਰ ਮੁਤਾਬਕ ਆਪ ਜੀ ਦਾ ਪ੍ਰਕਾਸ਼ ਗੁਰਪੁਰਬ 18 ਅਪ੍ਰੈਲ 2017 ਨੂੰ ਮਨਾਇਆ ਗਿਆ।

ਇਥੇ ਇਹ ਵੀ ਵਰਨਣਯੋਗ ਹੈ ਕਿ ਆਪ ਜੀ ਨੂੰ ਇਕ ਵਾਰ ਗੁਰੂ ਅਮਰਦਾਸ ਜੀ ਨੇ ਗੋਦ ਵਿਚ ਲੈ ਕੇ ਸਹਿਜ ਸੁਭਾਅ ਹੀ ਬੜੇ ਪਿਆਰ ਨਾਲ ਕਿਹਾ ਸੀ ਕਿ “ਦੋਹਤਾ ਬਾਣੀ ਕਾ ਬੋਹਿਥਾ” ਜਿਸ ਦੀ ਵਿਸਥਾਰਕ ਜਾਣਕਾਰੀ ਅੱਗੇ ਕਿਸੇ ਹੋਰ ਅੰਕ ਵਿਚ ਪੂਰੀ ਜ਼ਿੰਦਗੀ ਦਾ ਵੇਰਵਾ ਲਿਖ ਕੇ ਦੇਵਾਂਗੇ। ਅੱਜ ਦਾ ਇਹ ਲੇਖ ਵਿਸ਼ੇਸ਼ ਗੁਰੂ ਅਰਜਨ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੈ।



## ਲੁਬਾਣਾ ਫਾਊਂਡੇਸ਼ਨ ਦੀ ਪ੍ਰਧਾਨਗੀ ਦੀ ਚੋਣ ਨਿਰਪੱਖ ਅਤੇ ਲੋਕਤੰਤਰਿਕ ਤਰੀਕੇ ਨਾਲ ਸੰਪੰਨ

# ਸ. ਜਾਗੀਰ ਸਿੰਘ ਲਾਲੀਆ ਜਿੱਤੇ ਪ੍ਰਧਾਨ ਦੀ ਚੋਣ





ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਸੈਕਟਰ 30-ਏ, ਚੰਡੀਗੜ੍ਹ, ਜੋ ਕਿ ਲੁਬਾਣਾ ਬਰਾਦਰੀ ਦੀ ਬਹੁਤ ਹੀ ਮਾਣਮੱਤੀ ਸੰਸਥਾ ਹੈ। ਇਸ ਸੰਸਥਾ ਦੇ ਰਜਿਸਟਰਡ ਸੰਵਿਧਾਨ ਅਨੁਸਾਰ ਇਸ ਦੇ ਪ੍ਰਧਾਨ, ਅਹੁਦੇਦਾਰਾਂ ਅਤੇ ਕਾਰਜਕਾਰਨੀ ਮੈਂਬਰਾਂ ਦੀ ਚੋਣ ਹਰ ਤਿੰਨ ਸਾਲ ਬਾਅਦ ਹੁੰਦੀ ਹੈ ਜੋ ਕਿ ਮਾਰਚ ਦੇ ਮਹੀਨੇ ਵਿਚ ਹੋਣੀ ਨਿਸ਼ਚਿਤ ਹੈ। ਪਿਛਲੀ ਕਾਰਜਕਾਰਨੀ ਵੱਲੋਂ ਆਪਣਾ ਫਰਜ਼ ਸਹੀ ਤਰੀਕੇ ਨਾਲ ਪੂਰਾ ਕਰਦੇ ਹੋਏ ਆਪਣੀ ਮਿਤੀ 15-1-2017 ਨੂੰ ਹੋਈ ਮੀਟਿੰਗ ਵਿਚ ਇਹ ਜ਼ਰੂਰੀ ਚੋਣ 31 ਮਾਰਚ 2017 ਨੂੰ ਕਰਵਾਉਣ ਦਾ ਫੈਸਲਾ ਕੀਤਾ ਗਿਆ। ਸੰਵਿਧਾਨ ਦੀ ਜ਼ਰੂਰਤ ਮੁਤਾਬਕ ਇਸ ਚੋਣ ਨੂੰ ਸੰਪੰਨ ਕਰਵਾਉਣ ਲਈ ਇਕ ਸੱਤ ਮੈਂਬਰੀ ਚੋਣ ਕਮੇਟੀ ਦੀ ਸਥਾਪਨਾ ਕੀਤੀ ਗਈ। ਜਿਸ ਵਿਚ ਹੇਠ ਲਿਖੇ ਮੋਹਤਬਰ ਸੱਜਣਾਂ ਦੀ ਚੋਣ ਕੀਤੀ ਗਈ।

1. ਸ੍ਰੀਮਤੀ ਸੁਰਿੰਦਰ ਕੌਰ ਚੌਧਰੀ, ਲਖਿੰਦਰ, ਮਿਆਣੀ
2. ਕੈਪਟਨ ਜਸਵੰਤ ਸਿੰਘ ਮੁਹਾਲੀ
3. ਸ. ਸੁਰਿੰਦਰ ਸਿੰਘ ਸ਼ਾਹ ਕੈਂਥਲ
4. ਸ੍ਰੀ ਨਿਰਮਲ ਸਿੰਘ ਮੁਹਾਲੀ
5. ਸ. ਜੀ.ਬੀ. ਸਿੰਘ ਪਟਿਆਲਾ

ਇਨ੍ਹਾਂ ਤੋਂ ਇਲਾਵਾ ਮੌਜੂਦਾ ਪ੍ਰਧਾਨ ਸ. ਗੁਰਚਰਨ ਸਿੰਘ ਅਤੇ ਪਿਛਲੇ ਪ੍ਰਧਾਨ ਸ. ਪ੍ਰੀਤਮ ਸਿੰਘ ਨੌਰੰਗਪੁਰ ਵੀ ਇਸ ਕਮੇਟੀ ਦੇ

ਮੈਂਬਰ ਬਣਾਏ ਗਏ। ਇਸ ਤਰ੍ਹਾਂ ਕੁਲ 7 ਮੈਂਬਰ ਇਸ ਚੋਣ ਕਮੇਟੀ ਦੇ ਮੈਂਬਰ ਬਣਾਏ ਗਏ ਸਨ।

ਇਸ ਚੋਣ ਕਮੇਟੀ ਨੇ ਆਪਣੀ ਪਹਿਲੀ ਮੀਟਿੰਗ ਮਿਤੀ 9-2-2017 ਵਿਚ ਸ੍ਰੀ ਜੀ.ਬੀ. ਸਿੰਘ ਪਟਿਆਲਾ ਨੂੰ ਚੋਣ ਕਮੇਟੀ ਦਾ ਚੇਅਰਮੈਨ ਚੁਣ ਲਿਆ ਅਤੇ ਇਸ ਦੇ ਨਾਲ ਹੀ ਚੋਣ ਪ੍ਰਕਿਰਿਆ ਸ਼ੁਰੂ ਹੋ ਗਈ। ਚੋਣ ਕਮੇਟੀ ਨੇ ਮਿਤੀ 24-2-17 ਨੂੰ ਚਾਹਵਾਨ ਉਮੀਦਵਾਰਾਂ ਨੂੰ ਪ੍ਰਧਾਨ ਦੇ ਅਹੁਦੇ ਲਈ ਨਾਮਜਦਗੀ ਪਰਚੇ ਦੇਣੇ ਸ਼ੁਰੂ ਕਰ ਦਿੱਤੇ ਜੋ ਕਿ 28-2-2017 ਤੱਕ ਵੰਡੇ ਗਏ। ਮਿਤੀ 1-3-2017 ਤੋਂ 8-3-2017 ਤੱਕ ਦਾ ਸਮਾਂ ਨਾਮਜਦਗੀ ਪੇਪਰ ਭਰਨ ਲਈ ਨਿਸ਼ਚਿਤ ਕੀਤਾ ਗਿਆ। 8 ਅਤੇ 9 ਮਾਰਚ 2017 ਦੋ ਦਿਨ ਕਾਗ਼ਜ਼ਾਂ ਦੀ ਪੜਤਾਲ ਕਰਨ ਲਈ ਨਿਸ਼ਚਿਤ ਕੀਤੇ ਗਏ। ਕਮੇਟੀ ਨੇ ਆਪਣੇ ਚੋਣ ਪ੍ਰੋਗਰਾਮ ਵਿਚ ਮਿਤੀ 9-3-2017 ਤੋਂ 20-3-2017 ਤੱਕ ਚਾਹਵਾਨ ਉਮੀਦਵਾਰਾਂ ਵਿਚੋਂ ਕਿਸੇ ਇਕ ਤੇ ਸਰਬਸੰਮਤੀ ਕਰਵਾਉਣ ਲਈ ਕੋਸ਼ਿਸ਼ਾਂ ਕਰਨ ਲਈ ਰੱਖਿਆ। ਕਿਉਂਕਿ ਫਾਊਂਡੇਸ਼ਨ ਦੀ ਜਨਰਲ ਬਾਡੀ ਦੇ ਕੁਝ ਮੈਂਬਰਾਂ ਦੀ ਇਹ ਸਲਾਹ ਹੁੰਦੀ ਹੈ ਕਿ ਇਹ ਫਾਊਂਡੇਸ਼ਨ ਬਰਾਦਰੀ ਦਾ ਸਰਬ ਸਾਂਝਾ ਸਥਾਨ ਹੈ, ਇਸ ਵਿਚ ਕਿਸੇ ਪ੍ਰਕਾਰ ਦੀ ਵੀ ਧੜੇਬੰਦੀ ਨਾ ਉਭਰੇ ਇਸ ਲਈ ਸਰਬਸੰਮਤੀ ਦੀ ਕੋਸ਼ਿਸ਼ ਜ਼ਰੂਰ ਕਰ ਲੈਣੀ ਚਾਹੀਦੀ ਹੈ। ਕਾਗ਼ਜ਼ ਭਰਨ ਦੇ ਅੰਤਿਮ ਸਮੇਂ ਤੱਕ ਹੇਠ ਲਿਖੇ ਸੱਜਣਾਂ ਨੇ ਆਪਣੇ ਨਾਮਜਦਗੀ ਕਾਗ਼ਜ਼ ਭਰੇ।

1. ਕਰਨਲ ਜਗਤਾਰ ਸਿੰਘ ਪੁੱਤਰ ਸ੍ਰੀ ਬੀ.ਐਸ. ਮੁਲਤਾਨੀ ਚੰਡੀਗੜ੍ਹ

2. ਸ. ਹਰਬੰਸ ਸਿੰਘ ਪੁੱਤਰ ਸ. ਮੁਨਸ਼ਾ ਸਿੰਘ ਮੁਹਾਲੀ

3. ਸ. ਗੁਰਮੁਖ ਸਿੰਘ ਪੁੱਤਰ ਸ. ਗੁਰਦਿਆਲ ਸਿੰਘ ਲੁਧਿਆਣਾ

4. ਸ. ਜਗੀਰ ਸਿੰਘ ਲਾਲੀਆ ਪੁੱਤਰ ਸ. ਬੀਰ ਸਿੰਘ ਮੁਹਾਲੀ

5. ਸ੍ਰੀਮਤੀ ਹਰਪ੍ਰੀਤ ਕੌਰ ਪੇਲੀਆ ਪਤਨੀ ਸ. ਸੁਖਿੰਦਰ ਸਿੰਘ ਪੇਲੀਆ ਚੰਡੀਗੜ੍ਹ

6. ਮੇਜਰ ਨਰਿੰਜਨ ਸਿੰਘ ਮੁਲਤਾਨੀ ਪੁੱਤਰ ਸ. ਪਿਆਰਾ ਸਿੰਘ ਮੁਹਾਲੀ

ਚੋਣ ਕਮੇਟੀ ਵੱਲੋਂ ਆਪਣੀ ਮੀਟਿੰਗ ਜੋ ਕਿ ਸ. ਜੇ.ਬੀ. ਸਿੰਘ ਚੇਅਰਮੈਨ ਦੀ ਪ੍ਰਧਾਨਗੀ ਹੇਠ ਹੋਈ ਵਿਚ ਉਮੀਦਵਾਰਾਂ ਵਿਚੋਂ ਕਿਸੇ ਇਕ ਤੇ ਸਰਬਸੰਮਤੀ ਕਰਵਾਉਣ ਦੀ ਪੂਰੀ ਕੋਸ਼ਿਸ਼ ਕੀਤੀ ਗਈ। ਪ੍ਰੰਤੂ ਕਿਸੇ ਇਕ ਦੇ ਨਾਮ ਤੇ ਸਹਿਮਤੀ ਨਹੀਂ ਬਣ ਸਕੀ। ਭਾਵੇਂ ਕਿ ਕਾਗ਼ਜ਼ ਵਾਪਸ ਲੈਣ ਦੀ ਆਖਰੀ ਮਿਤੀ 26-3-17 ਸੀ ਪ੍ਰੰਤੂ 24-3-17 ਨੂੰ ਹੀ ਕੁਲ 6 ਉਮੀਦਵਾਰਾਂ ਵਿਚੋਂ 4 ਉਮੀਦਵਾਰਾਂ ਨੇ ਆਪਣੇ ਨਾਮ ਵਾਪਸ ਲੈ ਲਏ ਅਤੇ ਚੋਣ ਮੈਦਾਨ ਵਿਚ ਦੋ ਉਮੀਦਵਾਰ ਸ. ਹਰਬੰਸ ਸਿੰਘ ਮੁਹਾਲੀ ਅਤੇ ਸ. ਜਗੀਰ ਸਿੰਘ ਲਾਲੀਆ ਮੁਹਾਲੀ ਹੀ ਰਹਿ ਗਏ। ਪਹਿਲੇ ਤੋਂ ਐਲਾਨੇ ਪ੍ਰੋਗਰਾਮ ਅਨੁਸਾਰ ਜੇਕਰ ਕਿਸੇ ਇਕ ਉਮੀਦਵਾਰ ਤੇ ਸਰਬਸੰਮਤੀ ਨਾ ਹੋਵੇ ਤਾਂ ਲੋਕਤੰਤਰੀ ਤਰੀਕੇ ਨਾਲ ਜਨਰਲ ਬਾਡੀ ਦੇ ਮੈਂਬਰਾਂ ਵੱਲੋਂ ਵੋਟ ਪ੍ਰਣਾਲੀ ਨਾਲ ਕਿਸੇ ਇਕ ਉਮੀਦਵਾਰ ਨੂੰ ਮਿਤੀ 31-3-2017 ਨੂੰ ਚੁਨਣਾ ਸੀ। ਦੋਨਾਂ ਉਮੀਦਵਾਰਾਂ ਨੇ ਆਪਣੀ ਤਰਕੀਬ ਅਨੁਸਾਰ ਚੰਡੀਗੜ੍ਹ, ਪੰਜਾਬ, ਹਰਿਆਣਾ ਅਤੇ ਹਿਮਾਚਲ ਵਿਚ ਫੈਲੇ ਇਸ ਸੰਸਥਾ ਦੀ ਜਨਰਲ ਬਾਡੀ ਦੇ ਮੈਂਬਰਾਂ ਨਾਲ ਵੱਧ ਤੋਂ ਵੱਧ ਸੰਪਰਕ ਕੀਤਾ ਅਤੇ ਆਪਣੇ-ਆਪਣੇ ਹੱਕ ਵਿਚ ਵੋਟ ਪਾਉਣ ਲਈ ਵੋਟਰਾਂ ਨੂੰ ਪ੍ਰੇਰਤ ਕੀਤਾ। ਮਿਤੀ 31-3-17 ਨੂੰ ਫਾਊਂਡੇਸ਼ਨ ਦੇ ਵਿਹੜੇ ਵਿਚ ਜਨਰਲ ਬਾਡੀ ਮੈਂਬਰਾਂ ਨੇ ਹੁੰਮ ਹੁੰਮਾ ਕੇ ਆਪਣੀ ਵੋਟ ਸ਼ਕਤੀ ਦਾ ਇਸਤੇਮਾਲ ਕੀਤਾ। ਕੁੱਲ 3602 ਮੈਂਬਰਾਂ ਵਿਚ 1715 ਮੈਂਬਰਾਂ ਨੇ ਆਪਣੇ ਵੋਟ ਦਾ ਇਸਤੇਮਾਲ ਕੀਤਾ। ਸਮੁੱਚੀ ਚੋਣ ਪ੍ਰਣਾਲੀ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਚੇਅਰਮੈਨ ਚੋਣ ਕਮੇਟੀ ਸ੍ਰੀ ਜੇ.ਬੀ. ਸਿੰਘ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਬੜੀ ਸੁਹਿਰਦਤਾ ਨਾਲ ਦੇਖ-ਰੇਖ ਕਰ ਰਹੇ ਸਨ। ਵੋਟ ਪਾਉਣ ਦਾ ਸਮਾਂ ਸਵੇਰੇ 8 ਵਜੇ ਤੋਂ 4 ਵਜੇ ਤੱਕ ਸੀ। 4 ਵਜੇ ਤੱਕ ਭਵਨ ਦੇ ਚੋਣ ਹਾਲ ਵਿਚ ਪਹੁੰਚਣ ਵਾਲੇ ਹਰ ਵੋਟਰ ਨੇ ਆਪਣੀ ਵੋਟ ਪਾਈ। 4 ਵਜੇ ਤੋਂ ਬਾਅਦ ਚੋਣ ਕਮੇਟੀ ਦੇ ਮੈਂਬਰਾਂ ਨੇ ਦੋਨੋਂ ਉਮੀਦਵਾਰਾਂ ਅਤੇ ਉਹਨਾਂ ਦੇ ਚੋਣ ਏਜੰਟਾਂ ਦੇ ਸਾਹਮਣੇ ਵੋਟਾਂ ਦੀ ਗਿਣਤੀ ਕੀਤੀ ਜਿਸ ਦਾ ਨਤੀਜਾ ਹੇਠ ਲਿਖੇ ਅਨੁਸਾਰ ਨਿਕਲਿਆ।

ਸ. ਜਗੀਰ ਸਿੰਘ ਲਾਲੀਆ – 901 ਵੋਟਾਂ

ਸ. ਹਰਬੰਸ ਸਿੰਘ – 814 ਵੋਟਾਂ

ਇਸ ਤਰ੍ਹਾਂ ਸ. ਜਾਗੀਰ ਸਿੰਘ ਲਾਲੀਆ 87 ਵੋਟਾਂ ਦੇ ਫਰਕ ਨਾਲ ਚੋਣ ਜਿੱਤ ਗਏ। ਚੋਣ ਨਤੀਜੇ ਦਾ ਐਲਾਨ ਕਮੇਟੀ ਚੇਅਰਮੈਨ ਨੇ ਗਿਣਤੀ ਹਾਲ ਵਿਚ ਐਲਾਨਿਆ ਅਤੇ ਸ. ਜਗੀਰ ਸਿੰਘ ਲਾਲੀਆ ਨੂੰ ਫੁੱਲਾਂ ਦਾ ਗੁਲਦਸਤਾ ਅਤੇ ਫੁੱਲਾਂ ਦੇ ਹਾਰ ਪਾ ਕੇ ਜੇਤੂ ਕਰਾਰ ਦਿੱਤਾ ਅਤੇ ਵਧਾਈ ਦਿੱਤੀ। ਦੂਸਰੇ ਉਮੀਦਵਾਰ ਸ. ਹਰਬੰਸ ਸਿੰਘ ਨੇ ਵੀ ਸ. ਲਾਲੀਆ ਨੂੰ ਉਹਨਾਂ ਦੀ ਜਿੱਤ ਤੇ ਵਧਾਈ ਦਿੱਤੀ। ਇਸ ਤੋਂ ਉਪਰੰਤ ਫਾਊਂਡੇਸ਼ਨ ਦੇ ਮੁੱਖ ਆਡੀਟੋਰੀਅਮ ਵਿਚ ਜਨਰਲ ਬਾਡੀ ਦੀ ਮੀਟਿੰਗ ਹੋਈ। ਸੰਵਿਧਾਨ ਦੀ ਲੋੜ ਮੁਤਾਬਿਕ ਚੋਣ ਕਮੇਟੀ ਵੱਲੋਂ ਸੁਣਾਏ ਫੈਸਲੇ ਦੀ ਮਨਜ਼ੂਰੀ ਅਤੇ ਪ੍ਰਵਾਨਗੀ ਜਨਰਲ ਹਾਊਸ ਨੇ ਦੇਣੀ ਸੀ। ਜਨਰਲ ਬਾਡੀ ਦੀ ਮੀਟਿੰਗ ਵਿਚ ਚੋਣ ਕਮੇਟੀ ਦੇ ਚੇਅਰਮੈਨ ਸ. ਜੇ.ਬੀ. ਸਿੰਘ ਨੇ ਜਨਰਲ ਬਾਡੀ ਨੂੰ ਚੋਣ ਨਤੀਜਾ ਪੜ੍ਹ ਕੇ ਸੁਣਾਇਆ ਜਿਸ ਨੂੰ ਜਨਰਲ ਬਾਡੀ ਦੇ ਹਾਜ਼ਰ ਮੈਂਬਰਾਂ ਨੇ ਜੈਕਾਰਿਆਂ ਦੀ ਗੂੰਜ ਵਿਚ ਮਨਜ਼ੂਰੀ ਦੇ ਦਿੱਤੀ। ਇਸ ਮੌਕੇ ਸ. ਭਗਤ ਸਿੰਘ ਆਈ.ਏ.ਐਸ. (ਰਿਟਾ.), ਮੇਜਰ ਮੇਹਰ ਸਿੰਘ ਮੁਹਾਲੀ, ਪ੍ਰੀਤਮ ਸਿੰਘ ਨੌਰੰਗਪੁਰ, ਸਾਰੇ ਪਹਿਲੇ ਪ੍ਰਧਾਨਾਂ ਨੇ ਨਵੇਂ ਪ੍ਰਧਾਨ ਜਾਗੀਰ ਸਿੰਘ ਲਾਲੀਆ ਨੂੰ ਵਧਾਈ ਦਿੱਤੀ। ਉਪਰੰਤ ਭਵਨ ਵਿਚ ਬਣੇ ਪ੍ਰਧਾਨ ਦੇ ਦਫ਼ਤਰ ਵਿਚ ਸ. ਲਾਲੀਆ ਨੂੰ ਜੈਕਾਰਿਆਂ ਦੀ ਗੂੰਜ ਵਿਚ ਪ੍ਰਧਾਨ ਦੀ ਕੁਰਸੀ ਤੇ ਬਿਠਾ ਦਿੱਤਾ ਅਤੇ ਸ. ਜਾਗੀਰ ਸਿੰਘ ਲਾਲੀਆ ਨੇ ਅਗਲੇ ਤਿੰਨ ਸਾਲ ਲਈ ਪ੍ਰਧਾਨ ਦਾ ਅਹੁਦਾ ਸੰਭਾਲ ਲਿਆ।

ਸੰਪਾਦਕ

**ਸੁਰਿੰਦਰ ਸਿੰਘ ਰੂਬੀ**

# ਪ੍ਰਧਾਨ ਸ. ਜਗੀਰ ਸਿੰਘ ਲਾਲੀਆ



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਦੇ ਨਵੇਂ ਚੁਣੇ ਗਏ ਪ੍ਰਧਾਨ ਸ. ਜਗੀਰ ਸਿੰਘ ਲਾਲੀਆ, ਇਸ ਫਾਊਂਡੇਸ਼ਨ ਨਾਲ ਲਗਾਤਾਰ ਜੁੜੇ ਹੋਏ ਲੁਬਾਣਾ ਬਰਾਦਰੀ ਦੇ ਸੱਜਣਾਂ ਲਈ ਕੋਈ ਨਵਾਂ ਨਾਮ ਨਹੀਂ ਹੈ। ਸ. ਲਾਲੀਆ ਕਾਫੀ ਲੰਮੇ ਸਮੇਂ ਤੋਂ ਫਾਊਂਡੇਸ਼ਨ ਨਾਲ ਜੁੜੇ ਹੋਏ ਹਨ ਅਤੇ ਪਿਛਲੇ 6 ਸਾਲ ਦੇ ਅਰਸੇ ਤੋਂ ਫਾਊਂਡੇਸ਼ਨ ਦੇ ਖਜ਼ਾਨਾ ਸਕੱਤਰ ਰਹੇ ਹਨ। ਅਕਾਊਂਟੈਂਟ ਜਨਰਲ ਪੰਜਾਬ ਦੇ ਦਫਤਰ ਵਿਚੋਂ ਬਤੌਰ ਸੀਨੀਅਰ ਆਡਿਟ ਅਫ਼ਸਰ ਸੇਵਾ ਮੁਕਤ ਹੋਣ ਕਰਕੇ ਖਜ਼ਾਨੇ ਦੇ ਹਿਸਾਬ ਕਿਤਾਬ ਤੇ ਉਨ੍ਹਾਂ ਦੀ ਮਜ਼ਬੂਤ ਪਕੜ ਹੈ, ਇਸ ਦੀ ਝਲਕ ਉਨ੍ਹਾਂ ਦੀ 6 ਸਾਲ ਤੋਂ ਖਜ਼ਾਨਾ ਸਕੱਤਰ ਦੀ ਨਿਭਾਈ ਜ਼ਿੰਮੇਵਾਰੀ ਵਿਚ ਸਾਫ਼ ਝਲਕਦੀ ਹੈ। ਆਪ ਜੀ ਦਾ ਜਨਮ 5 ਮਾਰਚ 1948 ਨੂੰ ਸ. ਬੀਰ ਸਿੰਘ ਲਾਲੀਆ ਦੇ ਘਰ ਪਿੰਡ ਮਿਆਣੀ ਅਫਗਾਨਾ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਹੋਇਆ। ਪਿੰਡ ਦੇ ਸਕੂਲ ਤੋਂ ਮੈਟਰਿਕ ਦੀ ਸਿੱਖਿਆ ਪ੍ਰਾਪਤ ਕਰਕੇ ਆਪ ਜੀ ਨੇ ਸਰਕਾਰੀ ਕਾਲਜ ਟਾਂਡਾ ਜ਼ਿਲ੍ਹਾ ਹੁਸ਼ਿਆਰਪੁਰ ਤੋਂ ਗਰੈਜੂਏਸ਼ਨ ਦੀ ਪੜ੍ਹਾਈ ਪੂਰੀ ਕੀਤੀ। ਹਿਮਾਚਲ ਯੂਨੀਵਰਸਿਟੀ ਤੋਂ ਐਮ.ਏ. ਇਕਨਾਮਿਕਸ ਵਿਚ ਦਾਖਲਾ ਲਿਆ ਅਤੇ ਨਾਲ ਹੀ ਸੰਨ 1970 ਵਿਚ ਪੰਜਾਬ ਅਕਾਊਂਟੈਂਟ ਜਨਰਲ ਦੇ ਦਫ਼ਤਰ ਵਿਚ ਬਤੌਰ ਆਡਿਟਰ ਆਪਣੀ ਸਰਕਾਰੀ ਸੇਵਾ ਸ਼ੁਰੂ ਕੀਤੀ। ਐਸ.ਏ.ਐਸ. (ਸੈਂਟਰਲ) ਦੀ ਪ੍ਰੀਖਿਆ ਪਾਸ ਕਰਨ ਉਪਰੰਤ ਆਪ ਜੀ ਸੰਨ 1977-78 ਵਿਚ ਬਤੌਰ ਸੈਕਸ਼ਨ ਅਫ਼ਸਰ ਪੱਦ ਉੱਨਤ ਹੋਏ। 38 ਸਾਲ ਦੀ ਸ਼ਾਨਦਾਰ ਸਰਕਾਰੀ ਸੇਵਾ ਉਪਰੰਤ ਸੰਨ 2008 ਵਿਚ ਆਪ ਜੀ ਬਤੌਰ ਸੀਨੀਅਰ ਆਡਿਟ ਅਫ਼ਸਰ ਸੇਵਾ ਮੁਕਤ ਹੋਏ। ਆਪਣੀ ਸੇਵਾ ਦੌਰਾਨ ਆਪ ਜੀ ਵਿਭਾਗ ਨਾਲ ਸਬੰਧਤ ਅਤੇ ਹੋਰ ਹੇਠ ਲਿਖੀਆਂ ਸੰਸਥਾਵਾਂ ਵਿਚ ਅਹੁਦੇਦਾਰ ਰਹੇ ਅਤੇ ਸਰਗਰਮੀ ਨਾਲ ਵਿਭਾਗ ਅਤੇ ਸਾਥੀਆਂ ਦੀ ਸੇਵਾ ਕੀਤੀ।

1. ਪ੍ਰਧਾਨ - ਐਸ.ਏ.ਐਸ. ਐਸੋਸੀਏਸ਼ਨ ਪੰਜਾਬ ਚੰਡੀਗੜ੍ਹ
2. ਪ੍ਰਧਾਨ - ਆਲ ਇੰਡੀਆ ਸੀਨੀਅਰ ਆਡਿਟ ਅਫ਼ਸਰ ਫੈਡਰੇਸ਼ਨ
3. ਜਨਰਲ ਸਕੱਤਰ - ਆਲ ਇੰਡੀਆ ਐਸ.ਏ.ਐਸ. ਐਸੋਸੀਏਸ਼ਨ (ਨਾਰਥ ਜੋਨ)

ਇਸ ਤੋਂ ਇਲਾਵਾ ਆਪ ਹੇਠ ਲਿਖੀਆਂ ਸਮਾਜਿਕ ਸੰਸਥਾਵਾਂ ਨਾਲ ਵੀ ਸਮੇਂ-ਸਮੇਂ ਸਿਰ ਜੁੜੇ ਰਹੇ ਹਨ।

1. ਪ੍ਰਧਾਨ - ਰੈਜੀਡੈਂਟ ਵੈਲਫੇਅਰ ਸੁਸਾਇਟੀ ਫੇਜ-7 ਮੋਹਾਲੀ
2. ਉਪ ਪ੍ਰਧਾਨ - ਵੈਲਫੇਅਰ ਕਾਊਂਸਲ ਮੋਹਾਲੀ
3. ਜਨਰਲ ਸੈਕਟਰੀ - ਸਿਟੀਜ਼ਨ ਵੈਲਫੇਅਰ ਕਾਊਂਸਲ ਮੋਹਾਲੀ
4. ਪ੍ਰਧਾਨ - ਆਗਰੇਨਾਈਜ਼ੇਸ਼ਨ ਆਫ਼ ਸੋਸ਼ਲ ਜਸਟਿਸ
5. ਚੇਅਰਮੈਨ - ਪੰਜਾਬੀ ਵਿਰਸਾ ਐਂਡ ਕਲਚਰਲ ਸੁਸਾਇਟੀ ਮੋਹਾਲੀ
6. ਵਾਇਸ ਚੇਅਰਮੈਨ - ਸੈਂਟਰਲ ਗੌਰਮਿੰਟ ਰਿਟਾਇਰਡ ਅਫ਼ਸਰ ਫੈਡਰੇਸ਼ਨ

ਇਸ ਤਰ੍ਹਾਂ ਸ. ਜਾਗੀਰ ਸਿੰਘ ਲਾਲੀਆ ਨੇ ਸਮਾਜ ਦੇ ਹਰ ਪੱਖ ਵਿਚ ਆਪਣਾ ਉੱਚ ਤੇ ਨਿਵੇਕਲਾ ਯੋਗਦਾਨ ਪਾਇਆ ਹੈ।

ਆਪ ਜੀ ਪਰਿਵਾਰ ਵਿਚ ਪਤਨੀ ਸ੍ਰੀਮਤੀ ਜਸਵੰਤ ਕੌਰ ਤੋਂ ਇਲਾਵਾ ਬਹੁਤ ਹੀ ਹੋਣਹਾਰ ਦੋ ਸਪੁਤਰੀਆਂ ਹਨ। ਵੱਡੀ ਸਪੁੱਤਰੀ ਇੰਜੀਨੀਅਰਿੰਗ ਦੀ ਪੜ੍ਹਾਈ ਪੂਰੀ ਕਰਨ ਉਪਰੰਤ ਸ. ਮਨਦੀਪ ਸਿੰਘ ਨਾਲ ਸ਼ਾਦੀ ਹੋ ਚੁੱਕੀ ਹੈ ਅਤੇ ਉਹ ਆਪਣੇ ਪਰਿਵਾਰ ਸਮੇਤ ਆਸਟ੍ਰੇਲੀਆ ਵਿਚ ਸੈਟਲ ਹੈ। ਛੋਟੀ ਸਪੁਤਰੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਐਮ.ਬੀ.ਏ. ਦੀ ਪੜ੍ਹਾਈ ਪੂਰੀ ਕਰ ਰਹੀ ਹੈ। ਇਕ ਸਫਲ ਪਰਿਵਾਰਕ ਜੀਵਨ ਦੇ ਨਾਲ-ਨਾਲ ਸਮਾਜ ਸੇਵਾ ਦੀ ਪ੍ਰਬਲ ਇੱਛਾ ਭੀ ਸ. ਲਾਲੀਆ ਦਾ ਮੁੱਖ ਗੁਣ ਹੈ। ਆਸ ਕਰਦੇ ਹਾਂ ਕਿ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀ ਪ੍ਰਧਾਨਗੀ ਵੀ ਸ. ਲਾਲੀਆ ਲਗਨ ਅਤੇ ਸਮਰਪਤਾ ਨਾਲ ਕਰਦੇ ਹੋਏ ਇਸ ਸੰਸਥਾ ਨੂੰ ਆਪਣੇ ਸਾਰੇ ਸਾਥੀਆਂ ਦੇ ਸਹਿਯੋਗ ਨਾਲ ਹੋਰ ਬੁਲੰਦੀਆਂ ਤੇ ਲੈ ਜਾਣਗੇ।

ਇਸ ਲਈ ਕਾਮਨਾ ਵੀ ਹੈ ਅਤੇ ਯਕੀਨ ਵੀ।

**ਸੰਪਾਦਕ**

# ਜਨਰਲ ਸਕੱਤਰ ਸ੍ਰੀਮਤੀ ਹਰਪ੍ਰੀਤ ਕੌਰ ਪੇਲੀਆ



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਦੀ ਪ੍ਰਧਾਨਗੀ ਚੋਣ ਵਿਚ ਨਵੇਂ ਬਣੇ ਪ੍ਰਧਾਨ ਸ. ਜਾਗੀਰ ਸਿੰਘ ਲਾਲੀਆ ਨੇ ਫਾਊਂਡੇਸ਼ਨ ਦੇ ਸੰਵਿਧਾਨ ਮੁਤਾਬਕ ਮੁੱਖ ਅਹੁਦੇਦਾਰਾਂ ਦੀ ਚੋਣ ਕਰਦੇ ਹੋਏ ਸ੍ਰੀਮਤੀ ਹਰਪ੍ਰੀਤ ਕੌਰ ਪੇਲੀਆ ਚੰਡੀਗੜ੍ਹ ਇਕ ਅਹਿਮ ਅਹੁਦੇ ਜਨਰਲ ਸਕੱਤਰ ਦੇ ਤੌਰ ਤੇ ਕੰਮ ਕਰਨ ਲਈ ਚੋਣ ਕੀਤੀ। ਪ੍ਰਧਾਨ ਜੀ ਦਾ ਇਹ ਫੈਸਲਾ ਹਰ ਪੱਖ ਤੋਂ ਸਲਾਹੁਣਯੋਗ ਹੈ। ਜਿਥੇ ਇਕ ਇਸਤਰੀ ਨੂੰ ਇਹ ਅਹੁਦੇ ਨਾਲ ਨਿਵਾਜ਼ ਕੇ ਬਰਾਦਰੀ ਵਿਚ ਹਰ ਫਰੰਟ ਤੇ ਔਰਤਾਂ ਨੂੰ ਬਰਾਬਰੀ ਦੀ ਨਜ਼ਰ ਨਾਲ ਵੇਖਣ ਦੇ ਤਰਕ ਨੂੰ ਬਲ ਦਿੱਤਾ ਹੈ। ਉਥੇ ਹੀ ਸ੍ਰੀਮਤੀ ਹਰਪ੍ਰੀਤ ਕੌਰ ਪੇਲੀਆ ਦੀਆਂ ਪਿਛਲੇ ਲੰਮੇ ਸਮੇਂ ਤੋਂ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਹਰ ਤਰ੍ਹਾਂ ਦੀਆਂ ਸਰਗਰਮੀਆਂ ਨਾਲ ਜੁੜੇ ਹੋਣ ਕਾਰਨ ਉਨ੍ਹਾਂ ਨੂੰ ਮਾਣ ਵੀ ਦਿੱਤਾ ਹੈ।

ਚੇਤੇ ਰਹੇ ਸ੍ਰੀਮਤੀ ਪੇਲੀਆ ਪਿਛਲੀਆਂ ਚੋਣਾਂ ਵਿਚ ਇਸ ਵਾਰ ਵੀ ਪ੍ਰਧਾਨਗੀ ਦੇ ਉਮੀਦਵਾਰ ਸਨ ਪ੍ਰੰਤੂ ਪਿਛਲੀ ਵਾਰ ਉਨ੍ਹਾਂ ਨੇ ਬਰਾਦਰੀ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਦੇ ਜ਼ੋਰ ਪਾਉਣ ਤੇ ਆਪਣਾ ਨਾਮ ਵਾਪਸ ਲੈ ਲਿਆ ਸੀ ਅਤੇ ਪਿਛਲੇ ਪ੍ਰਧਾਨ ਦੀ ਚੋਣ ਸਰਬ ਸੰਮਤੀ ਨਾਲ ਹੋ ਸਕੀ ਸੀ। ਇਸ ਵਾਰ ਵੀ ਚੋਣ ਕਮੇਟੀ ਦੇ ਮੈਂਬਰਾਂ ਦੇ ਜ਼ੋਰ ਪਾਉਣ ਤੇ ਉਹਨਾਂ ਨੇ ਆਪਣਾ ਨਾਮ ਵਾਪਸ ਲੈ ਲਿਆ ਸੀ ਤੇ ਸ. ਲਾਲੀਆ ਦੇ ਹੱਕ ਵਿਚ ਨਿੱਤਰ ਗਏ ਸਨ। ਪਿਛਲੀ ਵਾਰ ਉਹ ਸੀਨੀਅਰ ਮੀਤ ਪ੍ਰਧਾਨ (ਮੁੱਖ ਦਫ਼ਤਰ) ਦੇ ਅਹੁਦੇ ਤੇ ਬਿਰਾਜਮਾਨ ਹੋਏ ਸਨ।

ਸ੍ਰੀਮਤੀ ਹਰਪ੍ਰੀਤ ਕੌਰ ਪੇਲੀਆ ਦਾ ਜਨਮ ਮਿਤੀ 27 ਜੁਲਾਈ 1969 ਨੂੰ ਲੁਧਿਆਣਾ ਦੇ ਇਕ ਨਾਮੀ ਲੁਬਾਣਾ ਪਰਿਵਾਰ ਵਿਚ ਹੋਇਆ। ਐਮ.ਏ. (ਅਰਥ ਸ਼ਾਸਤਰ), ਬੀ.ਐਡ. ਤੱਕ ਦੀ ਵਿਦਿਆ ਗ੍ਰਹਿਣ ਕੀਤੀ। ਉਪਰੰਤ ਉਹਨਾਂ ਦੀ ਸ਼ਾਦੀ ਸ. ਸੁਖਿੰਦਰ ਸਿੰਘ ਪੇਲੀਆ ਸਪੁੱਤਰ ਸ. ਹਰਬੰਸ ਸਿੰਘ ਪੇਲੀਆ ਸੀਨੀਅਰ ਆਡਿਟ ਅਫ਼ਸਰ (ਰਿਟਾ.) ਨਾਲ ਹੋਈ। ਉਹਨਾਂ ਦੇ ਪਤੀ ਸ. ਸੁਖਿੰਦਰ ਸਿੰਘ ਮੇਜਰ ਸਰਦਾਰ ਸਿੰਘ ਜੀ ਸੁਭਾਨਪੁਰ ਦੇ ਪੋਤਰੇ ਹਨ।

ਮੇਜਰ ਸਰਦਾਰ ਸਿੰਘ ਜੀ ਨੇ ਅਜ਼ਾਦੀ ਤੋਂ ਬਾਅਦ ਲੁਬਾਣਾ ਬਰਾਦਰੀ ਦੇ ਉਥਾਨ ਅਤੇ ਸਮਾਜਿਕ ਸੁਧਾਰਾਂ ਲਈ ਬੜਾ ਅਹਿਮ ਯੋਗਦਾਨ ਪਾਇਆ ਸੀ। ਸ. ਸੁਖਿੰਦਰ ਸਿੰਘ ਪੇਲੀਆ ਚੌਧਰੀ ਲੱਖੀ ਸਿੰਘ ਮਿਆਣੀ ਦੇ ਦੋਹਤੇ ਹਨ ਅਤੇ ਮਰਹੂਮ ਮੇਜਰ ਜਨਰਲ ਤਰਲੋਕ ਸਿੰਘ ਚੌਧਰੀ ਅਤੇ ਸਾਬਕਾ ਰਾਜ ਮੰਤਰੀ ਪੰਜਾਬ ਸ. ਬਲਬੀਰ ਸਿੰਘ ਚੌਧਰੀ ਦੇ ਭਾਣਜੇ ਹਨ। ਕਾਫੀ ਲੰਮਾ ਅਰਸਾ ਅਮਰੀਕਾ ਵਿਚ ਰਹਿ ਕੇ ਆਏ ਹਨ ਅਤੇ ਅੱਜਕਲ੍ਹ ਚੰਡੀਗੜ੍ਹ ਵਿਚ ਆਪਣਾ ਕਾਰੋਬਾਰ ਕਰ ਰਹੇ ਹਨ। ਬੀਬਾ ਹਰਪ੍ਰੀਤ ਕੌਰ ਪੇਲੀਆ ਤੇ ਸ. ਸੁਖਿੰਦਰ ਸਿੰਘ ਪੇਲੀਆ ਦੇ ਦੋ ਹੋਣਹਾਰ ਸਪੁੱਤਰ ਕਾਕਾ ਗੁਰਸਿਮਰਨ ਸਿੰਘ ਅਤੇ ਕਾਕਾ ਪ੍ਰਭਜੋਤ ਸਿੰਘ ਪੰਜਾਬ ਯੂਨੀ. ਚੰਡੀਗੜ੍ਹ ਵਿਚ ਇੰਜੀਨੀਅਰਿੰਗ ਦੀ ਪੜ੍ਹਾਈ ਕਰ ਰਹੇ ਹਨ।

ਬੀਬਾ ਹਰਪ੍ਰੀਤ ਕੌਰ ਵਿਚ ਕੰਮ ਕਰਨ ਦਾ ਬੜਾ ਜਜ਼ਬਾ ਹੈ। ਕਾਮਨਾ ਕਰਦੇ ਹਾਂ ਕਿ ਆਪਣੇ ਜਜ਼ਬੇ ਅਤੇ ਤਜ਼ਰਬੇ ਨਾਲ ਸਮੁੱਚੀ ਟੀਮ ਨਾਲ ਮਿਲ ਕੇ ਫਾਊਂਡੇਸ਼ਨ ਨੂੰ ਹੋਰ ਉਚਾਈਆਂ ਤੱਕ ਲੈ ਜਾਣਗੇ।

**ਸੰਪਾਦਕ**

# ਸੀਨੀਅਰ ਮੀਤ ਪ੍ਰਧਾਨ (ਮੁੱਖ ਦਫ਼ਤਰ) ਕੈਪਟਨ ਜਸਵੰਤ ਸਿੰਘ ਮੋਹਾਲੀ



ਫਾਊਂਡੇਸ਼ਨ ਦੀ ਸਾਲ 2017-2020 ਲਈ ਨਵੀਂ ਚੁਣੀ ਟੀਮ ਵਿਚ ਕੈਪਟਨ ਜਸਵੰਤ ਸਿੰਘ ਮੋਹਾਲੀ ਨੂੰ ਸੀਨੀਅਰ ਮੀਤ ਪ੍ਰਧਾਨ (ਮੁੱਖ ਦਫ਼ਤਰ) ਦੀ ਜ਼ਿੰਮੇਵਾਰੀ ਪ੍ਰਧਾਨ ਸ. ਜਗੀਰ ਸਿੰਘ ਲਾਲੀਆ ਵੱਲੋਂ ਸੌਂਪੀ ਗਈ ਹੈ। ਕੈਪਟਨ ਜਸਵੰਤ ਸਿੰਘ ਇਕ ਅਜਿਹੇ ਪਰਿਵਾਰ ਨਾਲ ਸਬੰਧ ਰੱਖਦੇ ਹਨ, ਜਿਸ ਦਾ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਦੀ ਸ਼ੁਰੂਆਤ ਤੋਂ ਲੈ ਕੇ ਅੱਜ ਤੱਕ ਇਸ ਦੀ ਸੰਪੂਰਨਤਾ ਅਤੇ ਵਿਲੱਖਣਤਾ ਭਰੀਆਂ ਪ੍ਰਾਪਤੀਆਂ ਵਿਚ ਹਰ ਪੱਖੋਂ ਅਹਿਮ ਤੇ ਭਰਪੂਰ ਯੋਗਦਾਨ ਰਿਹਾ ਹੈ। ਆਪ ਜੀ ਦਾ ਜਨਮ ਮਿਤੀ 4 ਨਵੰਬਰ 1937 ਨੂੰ ਪਿੰਡ ਚੱਕ ਚਾਓ (ਹੁਣ ਨਵਾਂ ਬੱਲੜਵਾਲ) ਜ਼ਿਲ੍ਹਾ ਗੁਰਦਾਸਪੁਰ ਵਿਚ ਸਰਦਾਰ ਬਹਾਦਰ ਸੂਬੇਦਾਰ ਮੇਜਰ ਓ.ਬੀ.ਆਈ. (ਆਰਡਰ ਆਫ਼ ਬਰਿਟਿਸ਼ ਇੰਡੀਆ) ਅਮਰ ਸਿੰਘ ਦੇ ਘਰ ਹੋਇਆ। ਆਪ ਜੀ ਫਾਊਂਡੇਸ਼ਨ ਦੇ ਸਾਬਕਾ ਪ੍ਰਧਾਨ ਕਰਨਲ ਪ੍ਰਤਾਪ ਸਿੰਘ ਅਤੇ ਮੇਜਰ ਮੇਹਰ ਸਿੰਘ ਜੀ ਦੇ ਛੋਟੇ ਭਰਾਤਾ ਹਨ। ਲੁਬਾਣਾ ਬਰਾਦਰੀ ਦੀ ਮਾਣਮੱਤੀ ਸ਼ਖ਼ਸੀਅਤ ਜਸਟਿਸ ਬਖਸ਼ੀਸ ਕੌਰ ਜੀ ਇਨ੍ਹਾਂ ਦੇ ਭਰਾਤਾ ਮੇਜਰ ਮਿਹਰ ਸਿੰਘ ਦੇ ਜੀਵਨ ਸਾਥੀ ਸਨ। ਬਹੁਤ ਹੀ ਮਿੱਠ ਬੋਲੜੇ ਅਤੇ ਤਵਾਜਨੀ ਸਖ਼ਸ਼ੀਅਤ ਦੇ ਮਾਲਕ ਹਨ। ਆਪ ਜੀ ਨੇ ਗ੍ਰੈਜੂਏਟ ਪਾਸ ਕਰਨ ਉਪਰੰਤ ਭਾਰਤੀ ਫੌਜ ਦੀ ਨੌਕਰੀ ਕੀਤੀ ਅਤੇ ਬਤੌਰ ਕਪਤਾਨ ਆਪ ਜੀ ਨੇ ਫੌਜ ਵਿਚ ਸੇਵਾ ਮੁਕਤੀ ਲੈ ਲਈ। ਪਿੰਡ ਵਿਚ ਰਹਿੰਦਿਆਂ ਜਿਥੇ ਆਪ ਜੀ ਇਕ ਸਫਲ ਵੱਡੇ ਕਿਸਾਨ ਸਨ ਉਥੇ ਸਥਾਨਕ ਰਾਜਨੀਤੀ ਵਿਚ ਆਪ ਜੀ ਸਰਗਰਮ ਰਹੇ। ਰਿਕਾਰਡ 30 ਸਾਲ ਤੱਕ ਆਪਣੇ ਪਿੰਡ ਦੇ ਸਰਪੰਚ ਰਹੇ, ਬਲਾਕ ਸੰਮਤੀ ਅਤੇ ਮਾਰਕੀਟ ਕਮੇਟੀ ਗੁਰਦਾਸਪੁਰ ਦੇ ਮੈਂਬਰ ਵੀ ਚੁਣੇ ਗਏ। ਆਪ ਜੀ ਫਾਊਂਡੇਸ਼ਨ ਦੇ ਮੁੱਢਲੇ ਸਰਗਰਮ ਮੈਂਬਰ ਬੀਬੀ ਗੁਰਨਾਮ ਕੌਰ ਬੇਗੋਵਾਲ ਜੀ ਦੇ ਦਾਮਾਦ ਹਨ। ਆਪ ਜੀ ਦੇ ਦੋ ਬੇਟੇ ਅਤੇ ਦੋ ਬੇਟੀਆਂ ਹਨ। ਵੱਡੀ ਬੇਟੀ ਨਵਨੀਤ ਕੌਰ ਜੰਮੂ ਵਿਚ ਆਪਣੇ ਪਰਿਵਾਰ ਨਾਲ ਰਹਿ ਰਹੀ ਹੈ। ਛੋਟੀ ਬੇਟੀ ਸਿਰਜਨਾ ਕੌਰ, ਫਾਊਂਡੇਸ਼ਨ ਦੇ ਸੀਨੀਅਰ ਮੈਂਬਰ ਸ. ਹਿੰਮਤ ਸਿੰਘ ਕੰਟਰੋਲਰ ਨਾਪ ਅਤੇ ਤੋਲ (ਸੇਵਾ ਮੁਕਤ) ਚੰਡੀਗੜ੍ਹ ਦੇ ਬੇਟੇ ਕਰਨਲ ਤੇਜਿੰਦਰ ਸਿੰਘ ਭਗਤਾਨਾ ਨਾਲ ਵਿਆਹੀ ਹੋਈ ਹੈ ਅਤੇ ਅੱਜਕਲ੍ਹ ਦਿੱਲੀ ਵਿਚ ਸੈਂਟਲ ਹੈ। ਬੇਟਾ ਜਸਜੀਤ ਸਿੰਘ ਅਮਰੀਕਾ ਵਿਚ ਆਈ.ਐਮ.ਐਫ. ਦੇ ਮੁੱਖ ਦਫ਼ਤਰ ਵਿਚ ਅਹਿਮ ਅਹੁਦੇ ਤੇ ਹੈ ਅਤੇ ਛੋਟਾ ਬੇਟਾ ਡਾ. ਤੇਜਵੰਤ ਸਿੰਘ ਮਿਲਵਾਕੀ ਅਮਰੀਕਾ ਵਿਚ ਦਿਲ ਦੇ ਰੋਗਾਂ ਦਾ ਮਾਹਿਰ ਡਾਕਟਰ ਹੈ। ਬੱਚਿਆਂ ਨੇ ਆਪਣੇ ਪਰਿਵਾਰ ਦੀਆਂ ਵਿਲੱਖਣ ਪ੍ਰਾਪਤੀਆਂ ਵਾਲੀ ਲੜੀ ਨੂੰ ਜਾਰੀ ਰੱਖਿਆ ਹੋਇਆ ਹੈ।

ਆਸ ਕਰਦੇ ਹਾਂ ਕਿ ਕੈਪਟਨ ਜਸਵੰਤ ਸਿੰਘ ਜੀ ਸਮੁੱਚੀ ਨਵੀਂ ਟੀਮ ਅਤੇ ਪ੍ਰਧਾਨ ਸ. ਜਾਗੀਰ ਸਿੰਘ ਲਾਲੀਆ ਦੇ ਨਾਲ ਮੋਢੇ ਨਾਲ ਮੋਢਾ ਲਗਾ ਕੇ ਬਰਾਦਰੀ ਦੀ ਸੇਵਾ ਹਿੱਤ ਮਿਹਨਤ ਕਰਕੇ ਫਾਊਂਡੇਸ਼ਨ ਨੂੰ ਹੋਰ ਤਰੱਕੀਆਂ ਤੇ ਲੈ ਕੇ ਜਾਣਗੇ।

**ਸੰਪਾਦਕ**

# ਖਜ਼ਾਨਾ ਸਕੱਤਰ ਸ. ਹਰਦਿਆਲ ਸਿੰਘ ਘੋਤੜਾ



ਫਾਊਂਡੇਸ਼ਨ ਦੀ ਨਵੀਂ ਟੀਮ ਵਿਚ ਖਜ਼ਾਨਾ ਸਕੱਤਰ ਦਾ ਅਹੁਦਾ ਪ੍ਰਧਾਨ ਸ. ਜਾਗੀਰ ਸਿੰਘ ਲਾਲੀਆ ਜੀ ਨੇ ਇਸ ਵਾਰ ਸ. ਹਰਦਿਆਲ ਸਿੰਘ ਘੋਤੜਾ ਦੇ ਸਪੁਰਦ ਕੀਤਾ ਹੈ। ਸ. ਘੋਤੜਾ ਭਾਵੇਂ ਫਾਊਂਡੇਸ਼ਨ ਨਾਲ ਕੁਝ ਸਾਲ ਪਹਿਲਾਂ ਹੀ ਜੁੜੇ ਹਨ ਪ੍ਰੰਤੂ ਉਹਨਾਂ ਦੀ ਭਾਰਤੀ ਫੌਜ ਵਿਚ ਟੈਕਨੀਕਲ ਲਾਈਨ ਵਿਚ ਬਤੌਰ ਸੀਨੀਅਰ ਅਧਿਕਾਰੀ ਅਤੇ ਅਕਾਊਂਟਸ ਵਿਚ ਕੰਮ ਵਿਚ ਤਜ਼ਰਬਾ ਅਤੇ ਪਰਪੱਕਤਾ ਬੜੀ ਉੱਚੀ ਹੈ। ਫੌਜ ਵਿਚ ਰਹਿੰਦੇ ਹੋਏ ਆਪ ਜੀ ਨੇ ਬੜੇ ਮਹੱਤਵਪੂਰਨ ਅਹੁਦਿਆਂ ’ਤੇ ਕੰਮ ਕੀਤਾ, ਜਿਸ ਦਾ ਵੇਰਵਾ ਇਸ ਪ੍ਰਕਾਰ ਹੈ –

1. ਸਟੋਰ ਅਤੇ ਵਰਕਸ਼ਾਪ ਅਧਿਕਾਰੀ
2. ਸਿਵਿਲ ਇੰਜੀਨੀਅਰ ਅਫ਼ਸਰ
3. ਕਾਨੂੰਨੀ ਮਾਮਲਿਆਂ ਦੇ ਅਧਿਕਾਰੀ
4. ਟ੍ਰੇਨਿੰਗ ਕਾਲਜ ਵਿਚ ਸੀਨੀਅਰ ਇੰਸਟਰੱਕਟਰ
5. ਪ੍ਰਸਾਸ਼ਨ ਅਧਿਕਾਰੀ ਸੇਫਟੀ ਅਤੇ ਸਕਿਊਰਿਟੀ
6. ਫੌਜ ਦੀ ਭਰਤੀ ਲਈ ਭਰਤੀ ਅਫ਼ਸਰ (8 ਸਾਲ)

ਆਪ ਜੀ ਦਾ ਜਨਮ ਮਿਤੀ 16-9-1949 ਨੂੰ ਜ਼ਿਲ੍ਹਾ ਅੰਬਾਲਾ (ਹਰਿਆਣਾ) ਦੇ ਲੁਬਾਣਾ ਬਰਾਦਰੀ ਦੇ ਮਸ਼ਹੂਰ ਪਿੰਡ ਬਰਾੜਾ ਵਿਖੇ ਸ. ਚਤਰ ਸਿੰਘ ਦੇ ਘਰ ਹੋਇਆ। ਮੁੱਢਲੀ ਵਿੱਦਿਆ ਤੋਂ ਉਪਰੰਤ ਆਪ ਜੀ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਮਕੈਨੀਕਲ ਇੰਜੀਨੀਅਰ ਦੀ ਡਿਗਰੀ ਪ੍ਰਾਪਤ ਕੀਤੀ। ਉਪਰੰਤ ਆਪ ਫੌਜ ਦੇ ਜੀ.ਆਰ.ਈ.ਐਫ. ਸ਼ਾਖਾ ਵਿਚ ਬਤੌਰ ਇੰਜੀਨੀਅਰ ਭਰਤੀ ਹੋਏ। ਆਪ ਜੀ ਨੇ ਕੰਪਿਊਟਰ ਗਿਆਨ ਵਿਚ ਵੀ ਡਿਗਰੀ ਹਾਸਲ ਕੀਤੀ। ਆਪ ਜੀ ਸਾਲ 2009 ਵਿਚ ਸੇਵਾ ਮੁਕਤ ਹੋਣ ਉਪਰੰਤ ਚੰਡੀਗੜ੍ਹ ਵਿਚ ਸੈਕਟਰ 48-ਏ ਵਿਚ ਸੈਟਲ ਹੋ ਗਏ। ਪਤਨੀ ਸ੍ਰੀਮਤੀ ਰਾਜਿੰਦਰ ਕੌਰ ਵੀ ਗਰੈਜੂਏਟ ਹਨ। ਆਪ ਜੀ ਦੀਆਂ ਦੋ ਬੜੀਆਂ ਹੋਣਹਾਰ ਬੇਟੀਆਂ ਹਨ। ਦੋਨਾ ਬੇਟੀਆਂ ਨੇ ਇੰਜੀਨੀਅਰਿੰਗ ਦੀ ਡਿਗਰੀ ਦੇ ਨਾਲ ਬਿਜਨੈਸ ਮੈਨੇਜਮੈਂਟ ਵਿਚ ਮਾਸਟਰਜ਼ ਪਾਸ ਕੀਤੀ ਹੈ। ਦੋਨਾਂ ਬੇਟੀਆਂ ਸ਼ਾਦੀਸ਼ੁਦਾ ਹਨ ਅਤੇ ਅਮਰੀਕਾ ਵਿਚ ਆਪਣੇ ਪਰਿਵਾਰਾਂ ਵਿਚ ਸੁਖੀ ਵਸ ਰਹੀਆਂ ਹਨ। ਬਹੁਤ ਹੀ ਮਿਲਾਪੜੇ ਅਤੇ ਸਰਲ ਸੁਭਾਅ ਦੇ ਮਾਲਕ ਸ. ਘੋਤੜਾ ਸਾਹਿਬ ਵਿਚ ਫਾਊਂਡੇਸ਼ਨ ਦੀ ਚੜ੍ਹਦੀ ਕਲਾ ਲਈ ਕੰਮ ਕਰਨ ਲਈ ਬੜੀ ਭਾਵਨਾ ਹੈ।

ਕਾਮਨਾ ਕਰਦੇ ਹਾਂ ਕਿ ਸ. ਹਰਦਿਆਲ ਸਿੰਘ ਘੋਤੜਾ ਜੀ ਖਜ਼ਾਨਾ ਸਕੱਤਰ ਦੀ ਮਿਲੀ ਜ਼ਿੰਮੇਵਾਰੀ ਨੂੰ ਤਨਦੇਹੀ ਅਤੇ ਮਿਹਨਤ ਨਾਲ ਨਿਭਾ ਕੇ ਫਾਊਂਡੇਸ਼ਨ ਦੀ ਹੋਰ ਤਰੱਕੀ ਵਿਚ ਅਹਿਮ ਯੋਗਦਾਨ ਪਾਉਣਗੇ।

**ਸੰਪਾਦਕ**

# ਮੀਤ ਪ੍ਰਧਾਨ (ਮੁੱਖ ਦਫ਼ਤਰ) ਸ. ਬਲਵਿੰਦਰ ਸਿੰਘ ਮੁਲਤਾਨੀ ਮੋਹਾਲੀ




ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਦੇ ਸੰਵਿਧਾਨ ਮੁਤਾਬਕ ਮੀਤ ਪ੍ਰਧਾਨ (ਮੁੱਖ ਦਫ਼ਤਰ) ਦਾ ਬੜਾ ਹੀ ਇਕ ਅਹਿਮ ਅਹੁਦਾ ਹੈ। ਪ੍ਰਧਾਨ ਸ. ਜਾਗੀਰ ਸਿੰਘ ਲਾਲੀਆਨ ੇ ਿ ਇਸਅ ਹੁਦੇਲ ਈਬ ਹੁਤਹ ਿਕ ਾਬਲਅ ਤੇ ਫਾਊਂਡੇਸ਼ਨ ਪ੍ਰਤੀ ਦਿਲ ਤੋਂ ਜੁੜੇ ਹੋਏ ਸ਼ਖ਼ਸ ਸ. ਬਲਵਿੰਦਰ ਸਿੰਘ ਮੁਲਤਾਨੀ ਮੋਹਾਲੀ ਦੀ ਚੋਣ ਕੀਤੀ ਹੈ। ਉਨ੍ਹਾਂ ਕੋਲ ਇਸ ਅਹੁਦੇ ਤੇ ਪੰਜ ਵਾਰ ਪਹਿਲਾਂ ਕੰਮ ਕਰਨ ਦਾ ਬੜਾ ਅਮੀਰ ਤਜ਼ਰਬਾ ਹੈ। ਸ. ਬਲਵਿੰਦਰ ਸਿੰਘ ਮੁਲਤਾਨੀ ਜੀ ਦਾ ਜਨਮ ਮਿਤੀ 15-05-1955 ਨੂੰ ਤਹਿਸੀਲ ਦਸੂਹਾ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਚੌਂਕ ਬਾਮੂੰ ਵਿਚ ਸ. ਸੰਤ ਸਿੰਘ ਦੇ ਘਰ ਹੋਇਆ। ਆਪਣੀ ਪੜ੍ਹਾਈ ਪੂਰੀ ਕਰਨ ਉਪਰੰਤ ਚੰਡੀਗੜ੍ਹ ਵਿਚ ਆਪਣਾ ਕਾਰੋਬਾਰ ਸ਼ੁਰੂ ਕੀਤਾ। ਆਪ ਮੋਹਾਲੀ ਵਿਚ ਰਿਅਲ ਇਸਟੇਟ ਦਾ ਕਾਰੋਬਾਰ ਕਰ ਰਹੇ ਹਨ ਅਤੇ ਅਯਾਤ ਨਿਰਯਾਤ ਦਾ ਸਫਲ ਕਾਰੋਬਾਰ ਪਹਿਲਾਂ ਕਰਦੇ ਰਹੇ ਹਨ। ਪਰਿਵਾਰਕ ਜੀਵਨ ਵਿਚ ਆਪ ਜੀ ਦੀ ਪਤਨੀ ਸ੍ਰੀਮਤੀ ਨਰਿੰਦਰ ਕੌਰ ਇਕ ਸਫਲ ਗ੍ਰਹਿਣੀ ਹਨ। ਬੇਟੀ ਦੀ ਸ਼ਾਦੀ ਕੈਨੇਡਾ ਵੱਸਦੇ ਡਾ. ਰਾਜਬੀਰ ਸਿੰਘ ਨਾਲ ਹੋਈ ਹੈ। ਉਹ ਕੈਨੇਡਾ ਵਿਚ ਹੀ ਰਹਿ ਰਹੇ ਹਨ। ਬੇਟਾ ਪੜ੍ਹਾਈ ਪੂਰੀ ਕਰਕੇ ਚੰਡੀਗੜ੍ਹ ਵਿਚ ਇਕ ਕਾਰਪੋਰੇਟ ਕੰਪਨੀ ਵਿਚ ਸੇਵਾ ਕਰ ਰਿਹਾ ਹੈ। ਬਲਵਿੰਦਰ ਸਿੰਘ ਮੁਲਤਾਨੀ ਇਕ ਸਫਲ ਕਾਰੋਬਾਰੀ ਦੇ ਨਾਲ-ਨਾਲ ਉੱਘੇ ਸਮਾਜ ਸੇਵੀ ਵੀ ਹਨ। ਇਹਨਾਂ ਨੇ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੀ ਇਮਾਰਤ ਦੇ ਬਾਹਰੀ ਚਾਰ ਦੀਵਾਰੀ ਤੇ ਦੋਨਾਂ ਗੇਟਾਂ ਅਤੇ ਗਰਿੱਲਾਂ ਦੀ ਸੇਵਾ ਵੀ ਆਪਣੇ ਵੱਲੋਂ ਕਰਵਾਈ ਸੀ। ਆਪ ਜੀ ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਮੋਹਾਲੀ ਦੇ ਸੀਨੀਅਰ ਮੀਤ ਪ੍ਰਧਾਨ ਵੀ ਹਨ। ਮੋਹਾਲੀ ਦੀ ਸਿਟੀਜ਼ਨ ਵੈਲਫੇਅਰ ਕੌਂਸਲ ਦੇ ਮੀਤ ਪ੍ਰਧਾਨ, ਚੰਡੀਗੜ੍ਹ ਵਿਉਪਾਰ ਮੰਡਲ ਦੀ ਕਾਰਜਕਾਰਨੀ ਦੇ ਮੈਂਬਰ, ਰੈਡ ਕਰਾਸ ਮੋਹਾਲੀ ਦੇ ਕਾਰਜਕਾਰਨੀ ਮੈਂਬਰ, ਫੂਡ ਐਂਡ ਸਿਵਲ ਸਪਲਾਈਜ਼ ਸਲਾਹਕਾਰ ਕਮੇਟੀ ਮੋਹਾਲੀ ਦੇ ਮੈਂਬਰ, ਜ਼ਿਲ੍ਹਾ ਖਪਤਕਾਰ ਫੋਰਮ ਦੇ ਮੈਂਬਰ ਅਤੇ ਰੈਜੀਡੈਂਟ ਵੈਲਫੇਅਰ ਐਸੋਸੀਏਸ਼ਨ ਫੇਜ-3 ਦੇ ਪ੍ਰਧਾਨ ਦੇ ਅਹੁਦੇ ਤੇ ਕੰਮ ਕਰ ਚੁੱਕੇ ਹਨ।

ਆਸ ਹੈ ਆਪਣੇ ਤਜ਼ਰਬੇ ਅਤੇ ਮਿਲਣਸਾਰ ਸੁਭਾਅ ਕਰਕੇ ਪ੍ਰਧਾਨ ਜੀ ਦੀ ਅਗਵਾਈ ਵਿਚ ਫਾਊਂਡੇਸ਼ਨ ਨੂੰ ਹੋਰ ਤਰੱਕੀਆਂ ਤੇ ਲਿਜਾਣ ਲਈ ਹਰ ਸੰਭਵ ਕੋਸ਼ਿਸ਼ ਕਰਨਗੇ।

**ਸੰਪਾਦਕ**

# ਮੀਤ ਪ੍ਰਧਾਨ (ਮੁੱਖ ਦਫ਼ਤਰ) ਸ. ਗੁਲਸ਼ਨ ਕੁਮਾਰ ਸਿੰਘ



ਫਾਊਂਡੇਸ਼ਨ ਦੇ ਨਵੇਂ ਚੁਣੇ ਪ੍ਰਧਾਨ ਸ. ਜਾਗੀਰ ਸਿੰਘ ਲਾਲੀਆ ਵੱਲੋਂ ਫਾਊਂਡੇਸ਼ਨ ਦਾ ਕੰਮ ਚੰਗੇ ਤਰੀਕੇ ਨਾਲ ਚਲਾਉਣ ਲਈ ਆਪਣੀ ਨਵੇਂ ਅਹੁਦੇਦਾਰਾਂ ਦੀ ਟੀਮ ਵਿਚ ਸ. ਗੁਲਸ਼ਨ ਕੁਮਾਰ ਸਿੰਘ ਨੂੰ ਮੀਤ ਪ੍ਰਧਾਨ (ਮੁੱਖ ਦਫ਼ਤਰ) ਦੀਆਂ ਜ਼ਿੰਮੇਵਾਰੀਆਂ ਸੌਂਪੀਆਂ ਹਨ। ਸ. ਗੁਲਸ਼ਨ ਕੁਮਾਰ ਸਿੰਘ ਜੀ ਲੰਮੇ ਸਮੇਂ ਤੋਂ ਫਾਊਂਡੇਸ਼ਨ ਨਾਲ ਜੁੜੇ ਹੋਏ ਹਨ। ਆਪ ਜੀ ਦਾ ਜਨਮ ਮਿਤੀ 15-03-1953 ਨੂੰ ਪਿਤਾ ਸ. ਜੋਗਿੰਦਰ ਸਿੰਘ ਅਤੇ ਮਾਤਾ ਦਲੀਪ ਕੌਰ ਜੀ ਦੇ ਘਰ ਪਿੰਡ ਸਲੇਮਪੁਰ ਤਹਿ. ਦਸੂਹਾ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਹੋਇਆ। ਐਮ.ਏ.ਬੀ.ਐਡ. ਵਿੱਦਿਆ ਪ੍ਰਾਪਤ ਕਰਨ ਉਪਰੰਤ ਪਹਿਲਾਂ ਆਪ ਨੇ ਬਤੌਰ ਅਧਿਆਪਕ ਤੇ ਫਿਰ ਬਤੌਰ ਸਕੂਲ ਲੈਕਚਰਾਰ ਪੰਜਾਬ ਵਿੱਦਿਆ ਵਿਭਾਗ ਵਿਚ ਸੇਵਾਵਾਂ ਪ੍ਰਦਾਨ ਕੀਤੀਆਂ। ਆਪ ਜੀ 31-3-11 ਵਿਚ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਚੋਂ ਬਤੌਰ ਲੈਕਚਰਾਰ ਸੇਵਾ ਮੁਕਤ ਹੋਏ ਹਨ। ਆਪ ਜੀ ਦੀ ਧਰਮ ਪਤਨੀ ਮਰਹੂਮ ਸ੍ਰੀਮਤੀ ਬੇਅੰਤ ਕੌਰ ਵੀ ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਵਿਚ ਬਤੌਰ ਸੀਨੀਅਰ ਅਸਿਸਟੈਂਟ ਸੇਵਾਵਾਂ ਕਰਦੇ ਰਹੇ ਹਨ। ਆਪ ਜੀ ਦੇ ਦੋ ਸਪੁੱਤਰ ਸ. ਗੁਰਪ੍ਰੀਤ ਸਿੰਘ ਅਤੇ ਸ. ਵਰਿੰਦਰ ਸਿੰਘ ਅਮਰੀਕਾ ਵਿਚ ਸੈਟਲ ਹਨ। ਆਪ ਜੀ ਸਾਲ 2011-14 ਦਰਮਿਆਨ ਫਾਊਂਡੇਸ਼ਨ ਦੀ ਕਾਰਜਕਾਰਨੀ ਦੇ ਮੈਂਬਰ, 2014-17 ਦੌਰਾਨ ਰਿਜ਼ਨਲ ਪ੍ਰੈਜੀਡੈਂਟ ਚੰਡੀਗੜ੍ਹ ਰਹੇ ਹਨ ਅਤੇ ਹੁਣ ਮੀਤ ਪ੍ਰਧਾਨ (ਮੁੱਖ ਦਫ਼ਤਰ) ਦੀਆਂ ਜ਼ਿੰਮੇਵਾਰੀਆਂ ਆਪ ਜੀ ਨੂੰ ਮਿਲੀਆਂ ਹਨ।

ਬਹੁਤ ਹੀ ਹਲੀਮੀ ਭਰੇ ਸੁਭਾਅ ਦੇ ਮਾਲਕ ਸ. ਗੁਲਸ਼ਨ ਕੁਮਾਰ ਸਿੰਘ ਜੀ ਬੜੀ ਸਹੀ ਅਤੇ ਵਿਗਿਆਨਕ ਸੋਚ ਦੇ ਧਾਰਨੀ ਹਨ। ਪਿਛਲੇ ਸਮੇਂ ਤੋਂ ਫਾਊਂਡੇਸ਼ਨ ਦੀ ਹੋਈ ਤਰੱਕੀ ਵਿਚ ਆਪ ਜੀ ਦਾ ਬੜਾ ਅਹਿਮ ਯੋਗਦਾਨ ਹੈ। ਕਾਮਨਾ ਕਰਦੇ ਹਾਂ ਕਿ ਆਪਣੇ ਸਾਰੇ ਸਾਥੀਆਂ ਦੀ ਟੀਮ ਨੂੰ ਨਾਲ ਲੈ ਕੇ ਅਗਲੇ ਤਿੰਨ ਸਾਲ ਦੇ ਸਮੇਂ ਵਿਚ ਫਾਊਂਡੇਸ਼ਨ ਦੀ ਤਰੱਕੀ ਲਈ ਤਨ, ਮਨ ਨਾਲ ਸੇਵਾ ਕਰਦੇ ਰਹਿਣਗੇ।

**ਸੰਪਾਦਕ**

# ਮਿਤੀ 31-3-2017 ਨੂੰ ਫਾਊਂਡੇਸ਼ਨ ਦੇ ਪ੍ਰਧਾਨ ਦੀ ਹੋਈ ਚੋਣ ਸਮੇਂ ਦੀਆਂ ਵੱਖ-ਵੱਖ ਝਲਕੀਆਂ











# ਮਿਤੀ 31-3-2017 ਨੂੰ ਫਾਊਂਡੇਸ਼ਨ ਦੇ ਪ੍ਰਧਾਨ ਦੀ ਹੋਈ ਚੋਣ ਸਮੇਂ ਦੀਆਂ ਵੱਖ-ਵੱਖ ਝਲਕੀਆਂ



# ਮਿਤੀ 31-3-2017 ਨੂੰ ਫਾਊਂਡੇਸ਼ਨ ਦੇ ਪ੍ਰਧਾਨ ਦੀ ਹੋਈ ਚੋਣ ਸਮੇਂ ਦੀਆਂ ਵੱਖ-ਵੱਖ ਝਲਕੀਆਂ











# ਵਿਹਾਰ-ਸੁਧਾਰ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਅਹੁਦੇਦਾਰਾਂ ਦੀ ਪਹਿਲੀ ਮੀਟਿੰਗ ਵਿਚ ਫੈਸਲਾ ਲਿਆ ਗਿਆ ਕਿ ਸੰਤ ਪ੍ਰੇਮ ਸਿੰਘ ਜੀ ਵੱਲੋਂ ਚਲਾਏ ਗਏ ਵਿਹਾਰ-ਸੁਧਾਰ ਪ੍ਰੋਗਰਾਮ ਨੂੰ ਬਰਾਦਰੀ ਵਿਚ ਵੱਧ ਤੋਂ ਵੱਧ ਪ੍ਰਚਾਰਿਆ ਜਾਵੇ। ਬਰਾਦਰੀ ਦੇ ਜਿਹੜੇ ਪਰਿਵਾਰ ਆਪਣੇ ਬੱਚਿਆਂ ਦੀਆਂ ਸਾਦੀਆਂ ਬਿਨਾਂ ਦਾਜ-ਦਹੇਜ ਦੇ ਕਰਨ ਉਨ੍ਹਾਂ ਪਰਿਵਾਰਾਂ ਨੂੰ ਇਨ੍ਹਾਂ ਕਾਲਮਾਂ ਵਿਚ ਸਨਮਾਨ ਦਿੱਤਾ ਜਾਵੇ। ਅਜਿਹੇ ਪਰਿਵਾਰ ਫਾਊਂਡੇਸ਼ਨ ਦੇ ਮੁੱਖ ਦਫ਼ਤਰ/ਸੰਪਾਦਕ ਨਾਲ ਸੰਪਰਕ ਕਰ ਸਕਦੇ ਹਨ।

‘ਲੁਬਾਣਾ ਸੇਵਕ’ ਦੇ ਸੰਪਾਦਕ ਸ. ਸੁਰਿੰਦਰ ਸਿੰਘ ਰੂਬੀ ਜਲੰਧਰ ਦੇ ਸਪੁੱਤਰ ਇੰਜੀਅਰ ਗੁਰਸ਼ਰਨ ਸਿੰਘ ਦਾ ਸ਼ੁਭ ਅਨੰਦ ਕਾਰਜ ਪਿਛਲੇ ਦਿਨੀਂ ਬੀਬਾ ਮਨਪ੍ਰੀਤ ਕੌਰ ਸਪੁੱਤਰੀ ਸ. ਸੂਰਤ ਸਿੰਘ ਪਿੰਡ ਕੈਰੇ ਜ਼ਿਲ੍ਹਾ ਹੁਸ਼ਿਆਰਪੁਰ ਨਾਲ ਪੂਰਨ ਗੁਰਮਰਿਆਦਾ ਨਾਲ ਹੋਇਆ। ਇਹ ਸ਼ਾਦੀ ਬਿਨਾਂ ਕਿਸੇ ਦਾਜ ਦਹੇਜ ਦੇ ਬਹੁਤ ਹੀ ਸਾਦੇ ਢੰਗ ਨਾਲ ਸੰਪੂਰਨ ਹੋਈ।

ਇਸ ਮੌਕੇ ਸੁਭਾਗ ਜੋੜੀ ਨੂੰ ਅਸ਼ੀਰਵਾਦ ਦੇਣ ਲਈ ਬੀਬੀ ਜਗੀਰ ਕੌਰ ਜੀ, ਚੌਧਰੀ ਬਲਬੀਰ ਸਿੰਘ ਮਿਆਣੀ, ਸ੍ਰੀ ਮਨੋਰੰਜਨ ਕਾਲੀਆ, ਲਖਵਿੰਦਰ ਸਿੰਘ ਲੱਖੀ ਵਿਸ਼ੇਸ਼ ਤੌਰ ’ਤੇ ਪਹੁੰਚੇ। ਪਰਿਵਾਰ ਵੱਲੋਂ ਇਸ ਖੁਸ਼ੀ ਦੇ ਮੌਕੇ ’ਤੇ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਨੂੰ 2100 ਰੁਪਏ ਭੇਟ ਕੀਤੇ ਗਏ।





ਫਾਊਂਡੇਸ਼ਨ ਦੇ ਵਾਈਸ ਪ੍ਰੈਜੀਡੈਂਟ ਪ੍ਰਿੰ. ਟਹਿਲ ਸਿੰਘ ਜਲੰਧਰ ਦੇ ਸਪੁੱਤਰ ਕਾਕਾ ਅਮਰਿੰਦਰ ਪਾਲ ਸਿੰਘ ਇੰਗਲੈਂਡ (ਲੰਡਨ) ਦੀ ਸ਼ਾਦੀ ਪਿਛਲੇ ਦਿਨੀਂ ਬੀਬਾ ਅਮਨਦੀਪ ਕੌਰ ਸਪੁੱਤਰੀ ਸ. ਸੁਰਜੀਤ ਸਿੰਘ ਵਾਸੀ ਸੰਤ ਪ੍ਰੇਮ ਸਿੰਘ ਨਗਰ ਟਾਂਡਾ, ਉੜਮੁੜ ਨਾਲ ਪੂਰਨ ਗੁਰਮਰਿਆਦਾ ਨਾਲ ਬਿਨਾਂ ਕਿਸੇ ਦਾਜ ਦਹੇਜ ਦੇ ਬਹੁਤ ਹੀ ਸਾਦੇ ਢੰਗ ਨਾਲ ਸੰਪੂਰਨ ਹੋਈ।

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ

## ***ਜਨਰਲ ਸਕੱਤਰ ਦੀ ਕਲਮ ਤੋਂ*** .....



ਬਾਬਾਮ ੱਖਣਸ਼ ਾਹਲ_ਬਾਣਾਫ ਾਊਂਡੇਸ਼ਨ, (ਰਜਿ:) ਸੈਕਟਰ-30 ਏ, ਚੰਡੀਗੜ੍ਹ ਦੇ 12ਵੇਂ ਪ੍ਰਧਾਨ ਦੀ ਚੋਣ 31-03-2017 ਨੂੰ ਸਫਲਤਾਪੂਰਵਕ ਹੋਈ, ਚੋਣ ਕਮੇਟੀ ਦੇ ਚੇਅਰਪਰਸਨ ਨੇ 31-03-2017 ਦੀ ਸ਼ਾਮ ਨੂੰ ਨਤੀਜੇ ਦੱਸੇ ਜਿਸ ਵਿਚ ਸ. ਜਗੀਰ ਸਿੰਘ ਲਾਲੀਆ ਸਾਲ (2017-2020) 3 ਸਾਲ ਦੇ ਅਰਸੇ ਲਈ ਫਾਊਂਡੇਸ਼ਨ ਦੇ ਪ੍ਰਧਾਨ ਚੁਣੇ ਗਏ। ਉਨ੍ਹਾਂ ਦੀ ਨਿਯੁਕਤੀ 31-03-2017 ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀ ਜਨਰਲ ਬਾਡੀ ਮੀਟਿੰਗ ਦੇ ਮੌਜੂਦਾ ਮੈਂਬਰ ਸਾਹਿਬਾਨ ਦੀ ਹਾਜ਼ਰੀ ਵਿਚ ਕੀਤੀ ਗਈ। ਸ. ਜਗੀਰ ਸਿੰਘ ਲਾਲੀਆ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਨਾਲ ਪਿਛਲੇ 20 ਸਾਲਾਂ ਤੋਂ ਪੂਰੀ ਤਰ੍ਹਾਂ ਨਾਲ ਜੁੜੇ ਹੋਏ ਹਨ ਅਤੇ ਪਿਛਲੇ 6 ਸਾਲ ਤੋਂ ਵਿੱਤ ਸਕੱਤਰ ਦੇ ਅਹੁਦੇ ਵਜੋਂ ਫਾਊਂਡੇਸ਼ਨ ਦੀ ਸੇਵਾ ਕਰ ਰਹੇ ਹਨ। ਚੋਣ ਕਮੇਟੀ ਦੇ ਚੇਅਰਪਰਸਨ, ਸਾਬਕਾ ਪ੍ਰਧਾਨ ਅਤੇ ਉੱਘੀਆਂ ਸ਼ਖ਼ਸੀਅਤਾਂ ਨੇ ਚੋਣ ਕੀਤੇ ਪ੍ਰਧਾਨ ਨੂੰ ਬੁੱਕੇ ਨਾਲ ਵਧਾਈਆਂ ਦਿੱਤੀਆਂ। ਜਨਰਲ ਬਾਡੀ ਮੀਟਿੰਗ ਦੇ ਮੌਜੂਦਾ ਉੱਘੇ ਮੈਂਬਰ ਸ. ਭਗਤ ਸਿੰਘ ਆਈ.ਏ.ਐਸ. (ਰਿਟਾ.), ਮੇਜਰ ਮੇਹਰ ਸਿੰਘ, ਸ. ਬਲਵਿੰਦਰ ਸਿੰਘ ਮੁਲਤਾਨੀ, ਮੀਤ ਪ੍ਰਧਾਨ ਹੈੱਡਕੁਆਰਟਰ, ਬੀਬੀ ਹਰਪ੍ਰੀਤ ਕੌਰ ਪੇਲੀਆ, ਮੀਤ ਪ੍ਰਧਾਨ ਹੈੱਡਕੁਆਰਟਰ ਸ. ਗੁਲਸ਼ਨ ਕੁਮਾਰ ਸਿੰਘ, ਰਿਜ਼ਨਲ ਪ੍ਰਧਾਨ, ਸ. ਸੁਖਿੰਦਰ ਸਿੰਘ, ਸ. ਨਿਰਮਲ ਸਿੰਘ, ਮੋਹਾਲੀ, ਸ. ਹਰਭਜਨ ਸਿੰਘ ਮਸਾਨਾ, ਐਸ.ਜੀ.ਪੀ.ਸੀ. ਮੈਂਬਰ, ਸ. ਮੱਖਣ ਸਿੰਘ, ਸ. ਅੱਤਰ ਸਿੰਘ, ਸ. ਸਵਰਨ ਸਿੰਘ ਜੋਸ਼, ਬੀਬੀ ਸੁਰਿੰਦਰ ਕੌਰ ਚੌਧਰੀ,





ਸ. ਪ੍ਰੀਤਮ ਸਿੰਘ ਨਾਰੰਗਪੁਰ, ਸ. ਸੁਰਿੰਦਰ ਸਿੰਘ ਰੂਬੀ, ਪ੍ਰਿੰਸੀਪਲ ਟਹਿਲ ਸਿੰਘ, ਸ. ਹਰੀ ਸਿੰਘ ਆਦਿ ਮੈਂਬਰਾਂ ਨੇ ਚੋਣ ਕੀਤੇ ਪ੍ਰਧਾਨ ਨੂੰ ਵਧਾਈਆਂ ਦਿੱਤੀਆਂ।

ਮਿਤੀ 02-04-2017 ਨੂੰ ਨਵੀਂ ਮੈਨੇਜਮੈਂਟ ਦੇ ਹੋਂਦ ਵਿਚ ਆਉਣ ਤੋਂ ਬਾਅਦ ਭਵਨ ਦੀ ਕਾਰਗੁਜਾਰੀ ਵੱਲ ਵੱਧ ਤੋਂ ਵੱਧ ਧਿਆਨ ਦਿੱਤਾ ਜਾ ਰਿਹਾ ਹੈ ਜੋ ਇਸ ਪ੍ਰਕਾਰ ਹੈ :-

ਭਵਨ ਵਿਚ ਚਲ ਰਹੇ ਲਿਫਟ ਦੇ ਅਧੂਰੇ ਕੰਮ ਨੂੰ ਨੇਪਰੇ ਚਾੜ੍ਹਨ ਲਈ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਭਵਨ ਦੇ ਰੱਖ-ਰੱਖਾਵ ਤੇ ਸਫਾਈ ਵੱਲ ਪਹਿਲਾ ਤੋਂ ਵੀ ਜ਼ਿਆਦਾ ਧਿਆਨ ਦਿੱਤਾ ਜਾ ਰਿਹਾ ਹੈ। ਭਵਨ ਦੇ ਬਾਗ ਬਗੀਚੇ ਦੀ ਦਿੱਖ ਨੂੰ ਹੋਰ ਜ਼ਿਆਦਾ ਸੁੰਦਰ ਅਤੇ ਆਕਰਸ਼ਿਤ ਬਨਾਉਣ ਲਈ ਬਾਗ ਬਗੀਚੇ ਵੱਲ ਵੀ ਧਿਆਨ ਦਿੱਤਾ ਜਾ ਰਿਹਾ ਹੈ।

**ਜਨਰਲ ਸਕੱਤਰ ਤੇ ਵਿਤ ਸਕੱਤਰ ਦੇ ਦਫਤਰ ਬਨਾਉਣ ਬਾਰੇ :-** ਪ੍ਰਧਾਨ ਜੀ ਦੇ ਪੁਰਾਣੇ ਦਫਤਰ ਨੂੰ ਵਰਤੋਂ ਵਿਚ ਲਿਆਉਣ ਵਾਸਤੇ ਉੱਥੇ ਜਨਰਲ ਸਕੱਤਰ ਅਤੇ ਵਿਤ ਸਕੱਤਰ ਦੇ ਦਫਤਰ ਬਨਾਏ ਜਾ ਰਹੇ ਹਨ ਤਾਂ ਜੋ ਕੰਮ ਯੋਗ ਤਰੀਕੇ ਨਾਲ ਨੇਪਰੇ ਚੜ੍ਹ ਸਕੇ।

**ਮੈਡੀਕਲ ਵਿੰਗ ਬਾਰੇ :-** ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ 30-ਏ ਚੰਡੀਗੜ੍ਹ ਦੀ ਮੈਨੇਜਮੈਂਟ ਨੇ ਮੈਡੀਕਲ ਓ ਪੀ ਡੀ, ਕਲੀਨਿਕਲ ਲੈਂਬ, ਡੈਂਟਲ ਵਿੰਗ ਦੇ ਮਰੀਜਾਂ ਦੀ ਗਿਣਤੀ ਅਤੇ ਆਮਦਨ ਵਿਚ ਵਾਧਾ ਕਰਨ ਲਈ ਵੀ ਵੱਧ ਤੋਂ ਵੱਧ ਉਪਰਾਲੇ ਕੀਤੇ ਜਾ ਰਹੇ ਹਨ। ਜਨਵਰੀ, ਫਰਵਰੀ ਅਤੇ ਮਾਰਚ ਦੇ ਮਹੀਨੇ ਦੇ ਮਰੀਜ਼ਾਂ ਦਾ ਵੇਰਵਾ ਇਸ ਪ੍ਰਕਾਰ ਹੈ :-

| | **ਜਨਵਰੀ** | **ਫਰਵਰੀ** | **ਮਾਰਚ** |
|---|---|---|---|
| ਮੈਡੀਕਲ ਓ ਪੀ ਡੀ | 150 | 150 | 150 |
| ਕਲੀਨਿਕਲ ਲੈਂਬ | 38 | 61 | 75 |
| ਡੈਂਟਲ ਵਿੰਗ | 50 | 54 | 49 |

**ਵਿਸਾਖੀ ਦੇ ਨਗਰ ਕੀਰਤਨ ਦੇ ਸੰਬੰਧ ਵਿਚ :-** ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡਸ਼ਨ ਦੀ ਮੈਨੇਜਮੈਂਟ ਵਲੋਂ ਵਿਸਾਖੀ ਦੇ ਸੰਬੰਧ ਵਿਚ ਵਿਸ਼ਾਲ ਨਗਰ ਕੀਰਤਨ ਦੇ ਭਵਨ ਪਹੁੰਚਣ ਤੇ ਹਲਵਾ ਤੇ ਛੋਲਿਆਂ ਦੇ ਪ੍ਰਸਾਦਿ ਅਤੇ ਪਾਣੀ ਨਾਲ ਸੇਵਾ ਕੀਤੀ ਗਈ ਅਤੇ ਸਿਰੋਪਿਆਂ ਨਾਲ ਸਨਮਾਨਿਤ ਕੀਤਾ ਗਿਆ।

**(ਹਰਪ੍ਰੀਤ ਕੌਰ ਪੇਲੀਆ)**

**ਜਨਰਲ ਸਕੱਤਰ**

ਕਹਾਣੀ


# ਸਵਰਗ ਦੀ ਕਲਪਣਾ

ਗਰਮੀਆਂ ਵਿਚ ਮੈਂ ਬਾਹਰ ਸੌਂਦੀ ਹਾਂ। ਅੱਧੀ ਰਾਤ ਦਾ ਵੇਲਾ ਸੀ। ਮੇਰੀ ਨੀਂਦਰ ਟੁੱਟ ਗਈ ਅਤੇ ਮੈਂ ਜਾਗ ਪਈ। ਮੇਰਾ ਘਰ ਦੂਸਰੀ ਮੰਜ਼ਲ ਤੇ ਹੈ। ਹਨੇਰੇ ਵਿਚ ਮੈਂ ਬਿਸਤਰੇ ਉਪਰ ਲੇਟੀ ਨੇ ਵਿਸ਼ਾਲ ਆਕਾਸ਼ ਵਿਚ ਸੁੰਦਰ ਤਾਰਿਆਂ ਨੂੰ ਦੇਖਿਆ। ਅਤੀ ਸ਼ਾਂਤ ਮਾਹੌਲ। ਬੱਗੀਆਂ ਦੀ ਠਕਠਕਾ; ਔਰਤ ਦਾ ਹਾਸਾ ਜੋ ਗਲੀ ਵਿਚੋਂ ਆਇਆ ਸੀ ਅਤੇ ਸਿਪਾਹੀ ਦੇ ਬੂਟਾ ਦੀ ਖੜ-ਖੜ ਵੀ ਹੁਣ ਨਹੀਂ ਸੀ। ਹਨੇਰੇ ਵਿਚ ਬੜੀ ਸ਼ਾਂਤੀ ਵਾਲਾ ਮਾਹੌਲ ਸੀ। ਇਧਰ ਉਧਰ ਪਲਸੇਟੇ ਮਾਰੇ ਅਤੇ ਫਿਰ ਮੈਂ ਸੌਂ ਗਈ। ਇਕ ਸੁਪਨਾ ਆਇਆ।

ਰੱਬ ਜੀ ਮੈਨੂੰ ਧਰਤੀ ਦੇ ਕਿਨਾਰੇ ਤੇ ਲੈ ਆਏ ਜਿਥੇ ਧਰਤੀ ਸਮਾਪਤ ਹੁੰਦੀ ਸੀ। ਮੈਂ ਥੱਲੇ ਦੇਖਿਆ। ਖਾੜੀ ਅਥਾਹ ਸੀ ਅਤੇ ਦੋ ਪੁਲ ਖਾੜੀ ਨੂੰ ਪਾਰ ਕਰਨ ਲਈ ਉਪਰ ਵਲ ਜਾਂਦੇ ਸਨ। ਰੱਬ ਨੇ ਕਿਹਾ; ਤੀਸਰਾ ਪੁਲ ਵੀ ਹੈ ਪਰ ਇਹ ਕਿਸੇ- ਕਿਸੇ ਨੂੰ ਹੀ ਦਿਖਾਈ ਦਿੰਦਾ ਹੈ। ਤੂੰ ਨਹੀਂ ਦੇਖ ਸਕਦੀ।

ਮੈਂ ਰੱਬ ਨੂੰ ਕਿਹਾ; ਕੀ ਸਾਰੇ ਪੁਲ ਇਕ ਹੀ ਸਵਰਗ ਨੂੰ ਜਾਂਦੇ ਹਨ?" ਰੱਬ ਨੇ ਕਿਹਾ; ਸਵਰਗ ਸਾਰੇ ਇਕ ਹੀ ਹਨ; ਕੁਝ ਹਿਸੇ ਦੂਸਰੇ ਹਿਸਿਆਂ ਨਾਲੋਂ ਉਪਰ ਹਨ। ਜੋ ਉਪਰਲੇ ਹਿਸੇ ਤੇ ਪਹੁੰਚ ਜਾਂਦੇ ਹਨ ਉਹ ਥੱਲੇ ਵਾਲੇ ਹਿਸਿਆਂ ਵਿਚ ਵੀ ਆ ਜਾ ਸਕਦੇ ਹਨ ਪਰ ਜੋ ਸਿਰਫ ਥੱਲੇ ਵਾਲੇ ਹਿਸਿਆਂ ਤਕ ਪਹੁੰਚ ਪਾਂਦੇ ਹਨ ਉਹ ਉਪਰਲੇ ਹਿਸਿਆਂ ਨੂੰ ਨਹੀਂ ਜਾ ਸਕਦੇ। ਲੇਕਿਨ ਰੋਸ਼ਨੀ ਸਭ ਵਿਚ ਇਕੋ ਜੈਸੀ ਹੈ।


ਇੰਜ. ਅਮਰੀਕ ਸਿੰਘ
ਸ਼ਿਕਾਗੋ
ਸਾਬਕਾ ਮੈਂਬਰ
ਬੀ.ਬੀ.ਐਮ.ਬੀ.

ਮੈਂ ਆਪਣੇ ਸਭ ਤੋਂ ਨਜ਼ਦੀਕ ਵਾਲੇ ਪੁਲ ਉਪਰ, ਜਿਹੜਾ ਦੂਸਰਿਆਂ ਨਾਲੋਂ ਚੌੜਾ ਸੀ, ਅਣਗਿਣਤ ਪੈਰਾਂ ਦੇ ਨਿਸ਼ਾਨ ਦੇਖੇ। ਮੈਂ ਰੱਬ ਤੋਂ ਪੁੱਛਿਆ ਕਿਉ ਇੰਨੇ ਲੋਕ ਇਥੋਂ ਗਏ ਹਨ?

ਰੱਬ ਜੀ ਬੋਲੇ, "ਕਿਉਂਕਿ ਇਸ ਦੀ ਢਲਾਣ ਘਟ ਹੈ ਅਤੇ ਇਹ ਸਵਰਗ ਦੇ ਪਹਿਲੇ ਹਿਸੇ ਨੂੰ ਜਾਂਦਾ ਹੈ"।

ਅਤੇ ਮੈਂ ਦੇਖਿਆ ਕੁਝ ਮੁੜਦੇ ਹੋਏ ਪੈਰਾਂ ਦੇ ਨਿਸ਼ਾਨ ਵੀ ਸਨ, ਰੱਬ ਜੀ ਇਹ ਕਿਉ?

ਰੱਬ ਜੀ ਬੋਲੇ, "ਜੋ ਸਵਰਗ ਵਿਚ ਦਾਖਲ ਹੋ ਜਾਂਦੇ ਹਨ ਉਹ ਕਦੀ ਵਾਪਸ ਨਹੀਂ ਮੁੜਦੇ ਪਰ ਜੋ ਸਵਰਗ ਨੂੰ ਜਾ ਰਹੇ ਰਸਤੇ ਦੇ ਅਧ ਤੋਂ ਵਾਪਸ ਮੁੜ ਆਏ ਇਹ ਉਹਨਾਂ ਦੇ ਪੈਰਾਂ ਦੇ ਨਿਸ਼ਾਨ ਹਨ ਕਿਉਂਕਿ ਉਹ ਡਰ ਗਏ ਕਿ ਕੋਈ ਅਗੇ ਜਗਾ ਨਹੀਂ ਹੈ।

ਮੈਂ ਪੁੱਛਿਆ, "ਕਦੀ ਕੋਈ ਸਵਰਗ ਜਾ ਕੇ ਵਾਪਸ ਨਹੀਂ ਆਇਆ ਹੈ?

ਰੱਬ ਨੇ ਕਿਹਾ; ਨਹੀਂ; ਜੋ ਇਕ ਵਾਰੀ ਸਵਰਗ ਵਿਚ, ਉਹ ਹਮੇਸ਼ਾ ਸਵਰਗ ਵਿਚ।

ਰੱਬ ਜੀ ਮੇਰੀ ਅਗਵਾਈ ਕਰਦੇ ਹੋਏ ਮੈਨੂੰ ਸਵਰਗ ਦੇ ਇਕ ਬਹੁਤ ਵੱਡੇ ਦਰਵਾਜ਼ੇ ਤੇ ਲੈ ਆਏ-- ਸਵਰਗਦੇ ਕਈ ਦਰਵਾਜ਼ੇ ਸਨ ਅਤੇ ਸਾਰੇ ਖੁੱਲ੍ਹੇ ਰਹਿੰਦੇ ਸਨ ਅਤੇ ਦਰਵਾਜ਼ਿਆਂ ਦੇ ਕਿਨਾਰਿਆਂ ਦੇ ਦੋਨੋਂ ਥੰਭੇ ਬਹੁਤ ਉੱਚੇ ਸਨ ਜਿਨ੍ਹਾਂ ਦੀ ਉਚਾਈ ਦਾ ਮੈਂ ਅੰਦਾਜ਼ਾਂ ਨਾ ਲਾ ਸਕੀ। ਇਹ ਦਰਵਾਜ਼ੇ ਏਨੇ ਖੁੱਲੇ ਸਨ ਕਿ ਸਾਰੀ ਨਰਕ ਇਸ ਵਿਚ ਇਕੋ ਵਾਰੀ ਅੰਦਰ ਵੜ ਸਕਦੀ ਸੀ।

ਮੈਂ ਰੱਬ ਨੂੰ ਕਿਹਾ; ਕਿਹੜੀਵੱਡੀ ਹੈ ਨਰਕ ਜਾਂ ਸਵਰਗ"।

ਰੱਬ ਨੇ ਕਿਹਾ," ਨਰਕ ਉਨੀ ਹੀ ਚੌੜੀ ਹੈ ਪਰ ਸਵਰਗ ਦੀ ਲੰਬਾਈ ਜ਼ਿਆਦਾ ਹੈ deeper। ਸਵਰਗ ਸਾਰੀ ਨਰਕ ਨੂੰ ਨਿਗਲ ਸਕਦੀ ਹੈ ਪਰ ਨਰਕ ਨਹੀਂ"।

ਅਤੇ ਅਸੀਂ ਅੰਦਰ ਵੜ ਗਏ। ਅਜੇ ਇਹ ਵੱਡੀ ਧਰਤੀ ਵਾਂਗ ਲਗਦੀ ਸੀ। ਪਹਾੜ ਚਾਰੇ ਪਾਸੇ ਸਨ ਅਤੇ ਹਲਕੀ ਸਾਫ ਪੀਲੀ ਰੌਸ਼ਨੀ ਸੀ ਅਤੇ ਮੈਂ ਦੇਖਿਆ ਇਹ ਚਟਾਨਾਂ ਅਤੇ ਪੱਥਰਾਂ ਵਿਚੋਂ ਆ ਰਹੀ ਸੀ। ਮੈਂ ਰੱਬ ਨੂੰ ਪੁੱਛਿਆ;" ਇਹ ਕਿਸ ਤਰ੍ਹਾਂ? ਪਰ ਰੱਬ ਨੇ ਜੁਆਬ ਨਾ ਦਿੱਤਾ।

ਮੈਂ ਆਲਾ ਦੁਆਲਾ ਦੇਖ ਕੇ ਹੈਰਾਨ ਹੋਈ ਕਿਉਂ ਕਿ ਸਵਰਗ ਬਾਰੇ ਮੇਰੀ ਧਾਰਨਾ ਹੋਰ ਹੀ ਸੀ। ਥੋੜੀ ਦੇਰ ਬਾਦ ਰੌਸ਼ਨੀ ਤੇਜ ਹੋਣੀ ਸ਼ੁਰੂ ਹੋ ਗਈ "ਜਿਸ ਤਰ੍ਹਾਂ ਦਿਨ ਚੜਦਾ ਸ਼ੁਰੂ ਹੋ ਜਾਂਦਾ ਹੈ। ਮੈਂ ਰੱਬ ਨੂੰ ਪੁੱਛਿਆ; ਕੀ ਸੂਰਜ ਨਹੀਂ ਚੜ੍ਹੇਗਾ"।

ਰੱਬ ਨੇ ਕਿਹਾ, "ਨਹੀਂ, ਅਸੀਂ ਉਥੇ ਜਾ ਰਹੇ ਹਾਂ ਜਿਥੇ ਲੋਕ ਹਨ"।

ਜਿਓਂ-ਜਿਓਂ ਅਸੀਂ ਚਲਦੇ ਗਏ ਰੌਸ਼ਨੀ ਤੇਜ ਹੁੰਦੀ ਗਈ ਇਥੋਂ ਤਕ ਕੇ ਬਹੁਤ ਚਮਕੀਲੀ ਹੋ ਗਈ। ਚਟਾਨਾਂ ਤੇ ਫੁਲ ਬਹਾਰ ਪਰ ਆਏ ਹੋਏ ਸਨ ਅਤੇ ਸੜਕਾਂ ਦੇ ਕਿਨਾਰਿਆਂ ਤੇ ਦਰਖ਼ਤ ਖਿੜੇ ਫੁਲਾਂ ਨਾਲ ਲਦੇ ਹੋਏ ਸਨ। ਪਾਣੀ ਦੀਆਂ ਨਦੀਆਂ ਸਭ ਪਾਸੇ ਵਗ ਰਹੀਆਂ ਸਨ ਅਤੇ ਮੈਂ ਪੰਛੀਆਂ ਨੂੰ ਗਾਉਂਦੇ ਸੁਣਿਆ। ਮੈਂ ਰੱਬ ਨੂੰ ਪੁੱਛਿਆ; ਇਹ ਪਹਿਲਾਂ ਕਿਥੇ ਸਨ?

ਰੱਬ ਨੇ ਕਿਹਾ; ਇਹ ਪੰਛੀਆਂ ਦੀ ਆਵਾਜ਼ ਨਹੀਂ ਹੈ। ਲੋਕ ਇਕ ਦੂਜੇ ਨੂੰ ਬੁਲਾ ਰਹੇ ਹਨ"।

ਅਤੇ ਜਦੋਂ ਮੈਂ ਨਜ਼ਦੀਕ ਆਈ ਮੈਂ ਉਹਨਾਂ ਨੂੰ ਚਲਦੇ ਦੇਖਿਆ। ਜਦੋਂ ਉਹ ਚਲਦੇ ਸਨ ਤਾਂ ਰੌਸ਼ਨੀ ਉਹਨਾਂ ਵਿਚੋਂ ਝਰਦੀ ਸੀ। ਮੈਂ ਰੱਬ ਨੂੰ ਪੁੱਛਿਆ; "ਕਿ ਇਹਨਾਂ ਨੇ ਆਪਣੇ ਆਪ ਨੂੰ ਕੱਜਿਆ ਕਿਉ ਨਹੀ?

ਰੱਬ ਬੋਲਿਆ; ਉਹਨਾਂ ਦਾ ਸਾਰਾ ਸ਼ਰੀਰ ਰੌਸ਼ਨੀ ਦਿੰਦਾ ਹੈ। ਉਹਨਾਂ ਨੂੰ ਕੋਈ ਲੋੜ ਨਹੀ ਸਰੀਰ ਢੱਕਣ ਦੀ।

ਅਤੇ ਮੈਂ ਰੱਬ ਨੂੰ ਪੁੱਛਿਆ; ਉਹ ਕੀ ਕਰ ਰਹੇ ਹਨ?

ਰੱਬ ਬੋਲਿਆ; ਦਰਖ਼ਤਾਂ ਉਪਰ ਰੌਸ਼ਨੀ ਸੁੱਟ ਰਹੇ ਹਨ ਤਾਂ ਕੇ

ਦਰਖ਼ਤ ਵੱਧਨ।

ਉਥੇ ਮੈਂ ਦੇਖਿਆ ਕੁਝ ਲੋਕ ਇਕੱਠੇ ਮਿਲ ਕੇ ਕੰਮ ਕਰ ਰਹੇ ਸਨ ਅਤੇ ਕੁਝ ਇਕੱਲੇ ਕਰ ਰਹੇ ਸਨ ਪਰ ਬਹੁਤੇ ਦੋ ਜਣੇ ਹੁੰਦੇ; ਉਹ ਵੀ ਦੋ ਮਰਦ ਯਾ ਦੋ ਔਰਤਾਂ ਪਰ ਅਕਸਰ ਇਕ ਮਰਦ ਅਤੇ ਇਕ ਔਰਤ ਹੁੰਦੇ। ਮੈਂ ਰੱਬ ਨੂੰ ਪੁੱਛਿਆ; ਇਸ ਤਰ੍ਹਾਂ ਕਿਉਂ ਹੈ?"

ਰੱਬ ਬੋਲਿਆ, "ਜਦੋਂ ਇਕ ਆਦਮੀ ਅਤੇ ਇਕ ਔਰਤ ਇਕੱਠੇ ਰੌਸ਼ਨੀ ਦਿੰਦੇ ਹਨ ਤਾਂ ਇਹ ਰੌਸ਼ਨੀ ਹਰ ਪੱਖੋਂ ਉਤਮ ਹੁੰਦੀ ਹੈ। ਕਈ ਫੁਲਾਂ ਅਤੇ ਦਰਖ਼ਤਾਂ ਨੂੰ ਇਹੋ ਜਿਹੀ ਰੌਸ਼ਨੀ ਦੀ ਜ਼ਰੂਰਤ ਹੈ। ਫਿਰ ਵੀ ਸਵਰਗ ਵਿਚ ਫੁਲ ਅਤੇ ਦਰਖ਼ਤ ਇਕ ਕਿਸਮ ਤੋਂ ਜ਼ਿਆਦਾ ਦੇ ਹਨ ਅਤੇ ਉਹਨਾਂ ਨੂੰ ਕਈ ਕਿਸਮ ਦੀ ਰੌਸ਼ਨੀ ਚਾਹੀਦੀ ਹੈ ਵੱਧਨ ਲਈ।"

ਉਹਨਾਂਵਿਚੋਂ ਇਕ ਆਦਮੀ ਮੇਰੇ ਵਲ ਦੌੜਦਾ ਆਇਆ ਅਤੇ ਜਦੋਂ ਉਹ ਮੇਰੇ ਕੋਲ ਪਹੁੰਚਿਆ ਤਾਂ ਮੈਨੂੰ ਇਸ ਤਰਾ ਲੱਗਾ ਕਿ ਅਸੀਂ ਬਚਪਨ ਵਿਚ ਛੋਟੇ ਬਚੇ ਇਕੱਠੇ ਖੇਡਦੇ ਰਹੇ ਹਾਂ ਅਤੇ ਅਸੀਂ ਇਕੋ ਦਿਨ ਜੰਮੇ ਸੀ। ਮੈਂ ਰੱਬ ਨੂੰ ਦੱਸਿਆ ਜੋ ਮੈਂ ਮਹਿਸੂਸ ਕੀਤਾ; ਰੱਬ ਨੇ ਕਿਹਾ, "ਸਾਰੇ ਜਣੇ ਸਵਰਗ ਵਿਚ ਇਸ ਤਰ੍ਹਾਂ ਮਹਿਸੂਸ ਕਰਦੇ ਹਨ ਜਦੋਂ ਕੋਈ ਉਹਨਾਂ ਵਲ ਨਜ਼ਦੀਕ ਆਵੇ"।

ਜਿਹੜਾ ਦੌੜ ਕੇ ਆਇਆ ਸੀ ਉਸਨੇ ਮੇਰਾ ਹੱਥ ਪਕੜ ਕੇ ਮੈਨੂੰ ਤੇਜ ਰੌਸ਼ਨੀ ਵਲ ਨੂੰ ਲੈ ਗਿਆ। ਜਦ ਅਸੀਂ ਦਰਖ਼ਤਾਂ ਵਿਚ ਪਹੁੰਚੇ ਉਸਨੇ ਉੱਚੀ ਗਾਇਆ ਅਤੇ ਉਹਦੇ ਸਾਥੀ ਨੇ ਜੁਆਬ ਦਿੱਤਾ ਜੋ ਕੇ ਔਰਤ ਸੀ। ਉਸਨੇ ਉਹਦੇ ਨਾਲ ਮੇਰੀ ਮੁਲਾਕਾਤ ਕਰਾਈ। ਉਸ ਨੇ ਕਿਹਾ, "ਕੀ ਤੁਹਾਨੂੰ ਪਾਣੀ ਦੀ ਤਰੇਹ ਹੈ (ਨਰਕ ਵਿਚ ਮੈਂ ਪਾਣੀ ਪੀਣ ਤੋਂ ਡਰਦੀ ਸੀ)। ਉਸ ਨੇ ਆਪਣੇ ਹੱਥਾਂ ਵਿਚ ਪਾਣੀ ਲਿਆ ਅਤੇ ਮੈਨੂੰ ਪਿਆਇਆ ਅਤੇ ਉਨ੍ਹਾਂ ਨੇ ਕੁਝ ਫਲ ਵੀ ਮੈਨੂੰ ਖਾਣ ਨੂੰ ਦਿੱਤੇ। ਉਣਾਂ ਨੇ ਕਿਹਾ; ਬਹੁਤ ਦੇਰ ਤਕ ਇਹਨਾਂ ਫਲਾਂ ਨੂੰ ਰੌਸ਼ਨੀ ਦੇ ਕੇ ਉਹਨਾਂ ਨੇ ਪਕਾਇਆ ਹੈ" ਅਤੇ ਜਦੋਂ ਮੈਂ ਖਾਦੇ, ਉਹ ਬੜੇ ਸੁਆਦ ਸਨ, ਤਾਂ ਉਹ ਦੋਨੋਂ ਬੜੇ ਖੁਸ਼ ਹੋਏ।

ਆਦਮੀ ਨੇ ਕਿਹਾ; ਤੁਸੀਂ ਬਹੁਤ ਥੱਕ ਗਏ ਹੋ, ਤੁਹਾਨੂੰ ਹੁਣ ਸੌਣਾ ਚਾਹੀਦਾ ਹੈ (ਕਿਉਂਕਿ ਨਰਕ ਵਿਚ ਮੈਂ ਹਿੰਮਤ ਨਾ ਕਰ ਸਕੀ ਸੌਣ ਦੀ) ਅਤੇ ਉਹਨੇ ਮੇਰਾ ਸਿਰ ਆਪਣੇ ਸਾਥੀ ਦੇ ਗੋਡੇ ਉਪਰ ਟਕਾ ਦਿੱਤਾ ਅਤੇ ਸਾਥੀ ਦੇ ਵਾਲਾਂ ਨਾਲ ਮੇਰਾ ਮੂੰਹ ਕਜ ਦਿੱਤਾ। ਮੈਂ ਸੌ ਗਈ ਅਤੇ ਸਾਰੀ ਨੀਂਦਰ ਵਿਚ ਮੈਂ ਪੰਛੀਆਂ ਨੂੰ ਇਧਰ ਉਧਰ ਆਪਣੇ ਉਪਰ ਫੁਦਕਦੇ ਦੇਖਿਆ। ਜਦੋਂ ਉਠੀ ਸਵੇਰ ਸੀ ਅਤੇ ਤ੍ਰੇਲ ਦੀਆਂ ਬੂੰਦਾਂ ਹਰ ਚੀਜ਼ ਉਪਰ ਸਨ।

ਆਦਮੀ ਨੇ ਮੇਰਾ ਹੱਥ ਫੜ ਕੇ ਇਕ ਰਹੱਸਮਈ ਜਗ੍ਹਾ ਜੋ ਇਕ ਚਟਾਨ ਤੇ ਸੀ ਉਥੇ ਮੈਨੂੰ ਲੈ ਗਿਆ। ਜਗ੍ਹਾ ਬੜੀ ਠੋਸ ਸੀ ਪਰ ਉਹਦੇ ਵਿਚੋਂ ਛੋਟੇ ਪੌਦੇ ਨਿਕਲ ਰਹੇ ਸਨ ਅਤੇ ਇਕ ਛੋਟੀ ਨਦੀ ਵਗ ਰਹੀ ਸੀ। ਉਸਨੇ ਕਿਹਾ; ਇਥੇ ਅਸੀਂ ਬਾਗ਼ ਬਣਾ ਰਹੇ ਹਾਂ ਅਤੇ ਇਸ ਗਲ ਨੂੰ ਕੋਈ ਨਹੀਂ ਜਾਣਦਾ। ਅਸੀਂ ਇਥੇ ਹਰ ਰੋਜ ਚਮਕਦੇ ਹਾਂ। ਦੇਖੋ ਸਾਡੇ ਚਮਕਣ ਨਾਲ ਚਟਾਨ ਫਟ ਕੇ ਨਰਮ ਹੋ ਗਈ ਹੈ ਅਤੇ ਇਹ ਛੋਟੀ ਨਦੀ ਫੁਟ ਕੇ ਵਗ ਪਈ ਹੈ। ਦੇਖੋ, ਫੁਲ ਉੱਗ ਰਹੇ ਹਨ" ਅਤੇ ਉਸਨੇ ਚਟਾਨ ਉਪਰ ਚੜ ਕੇ ਦੋ ਫੁਲ ਜਿੰਨਾਂ ਤੇ ਤ੍ਰੇਲ ਪਈ ਸੀ ਤੋੜ ਕੇ ਮੈਨੂੰ ਦਿੱਤੇ। ਮੈਂ ਇਕ-ਇਕ ਹੱਥ ਵਿਚ ਫੜ ਲਏ। ਉਹਨਾਂ ਦੇ ਫੜਨ ਨਾਲ ਮੇਰੇ ਹੱਥ ਰੌਸ਼ਨੀ ਨਾਲ ਚਮਕਣ ਲਗ ਪਏ। ਉਸਨੇ ਕਿਹਾ; ਜਦੋਂ ਇਹ ਬਾਗ਼ ਤਿਆਰ ਹੋ ਗਿਆ ਤਾਂ ਇਹ ਸਭ ਲਈ ਹੋਵੇਗਾ"। ਉਹ ਆਪਣੇ ਸਾਥੀ ਕੋਲ ਚਲਾ ਗਿਆ ਅਤੇ ਮੈਂ ਇਕ ਵੱਡੇ ਰਸਤੇ ਤੇ ਚਲ ਪਈ।

ਜਦੋਂਮੈਂ ਰੌਸ਼ਨੀ ਵਿਚ ਚਲ ਰਹੀ ਸੀ ਤਾਂ ਇਕ ਉੱਚੀ ਆਵਾਜ਼ ਗਾਉਣ ਦੀ ਸੁਣੀ। ਅਤੇ ਜਦੋਂ ਮੈਂ ਅਗੇ ਗਈ ਤਾਂ ਇਕ ਅੰਧਾ ਆਦਮੀ ਗਾ ਰਿਹਾ ਸੀ ਅਤੇ ਉਸਦੇ ਸਾਥੀ ਉਹਦੇ ਦੁਆਲੇ ਖੜ੍ਹੇ ਸਨ। ਅੰਧੀਆਂ ਅੱਖਾਂ ਉਪਰ ਰੌਸ਼ਨੀ ਸਵਰਗ ਵਿਚ ਸਭ ਰੌਸ਼ਨੀਆਂ ਤੋਂ ਤੇਜ਼ ਲਗੀ ਜੋ ਮੈਂ ਸਵਰਗ ਵਿਚ ਦੇਖੀਆਂ ਸਨ। ਮੈਂ ਪੁੱਛਿਆ ਇਹ ਕੌਣ ਹੈ। ਇਕ ਆਦਮੀ ਨੇ ਕਿਹਾ; ਉ ! ਅਸੀਂ ਇਸਨੂੰ ---ਸਾਡਾ ਗਾਣ ਵਾਲਾ ਪੰਛੀ ਕਹਿੰਦੇ ਹਾਂ"।

ਮੈਂ ਉਸ ਆਦਮੀ ਨੂੰ ਪੁੱਛਿਆ," ਇਸ ਦੀਆਂ ਅੱਖਾਂ ਤੇ ਇੰਨੀ ਕਿਉ ਰੌਸ਼ਨੀ ਹੈ?

ਅਤੇ ਉਸਨੇ ਜੁਆਬ ਦਿੱਤਾ, "ਉਹ ਦੇਖ ਨਹੀਂ ਸਕਦੀਆਂ। ਅਸੀਂ ਸਾਰਿਆਂ ਨੇ ਇਸ ਦੀਆਂ ਅੰਧੀਆਂ ਅੱਖਾਂ ਨੂੰ ਇੰਨਾਂ ਚੁੰਮਿਆ ਹੈ ਕਿ ਇਹ ਹੁਣ ਇੰਨੀ ਰੋਸ਼ਨੀ ਵਾਲੀਆਂ ਹੋ ਗਈਆਂ ਹਨ"।

ਜਦੋਂ ਮੈਂ ਥੋੜ੍ਹੀ ਦੂਰ ਅਗੇ ਗਈ ਤਾਂ ਮੈਂ ਲੋਕਾਂ ਦੀ ਭੀੜ ਦਰਖ਼ਤਾਂ ਵਿਚਕਾਰ ਉੱਚੀ ਆਵਾਜ਼ ਵਿਚ ਹੱਸਦਿਆਂ ਦੀ ਸੁਣੀ। ਜਦੋਂ ਮੈਂ ਨੇੜੇ ਆਈ ਤਾਂ ਮੈਂ ਦੇਖਿਆ ਕਿ ਉਹ ਇਕ ਲੰਗੜੇ ਅਤੇ ਬਿਨਾਂ ਹੱਥਾਂ ਵਾਲੇ ਨੂੰ ਮੰਜੀ ਉਪਰ ਪਾ ਕੇ ਚੁਕੀ ਜਾ ਰਹੇ ਸਨ। ਤੇਜ ਰੌਸ਼ਨੀ ਉਹਦੇ ਅਪਾਹਜ ਅੰਗਾਂ ਵਿਚੋਂ ਨਿਕਲ ਰਹੀ ਸੀ ਉਹ ਇੰਨੀ ਤੇਜ ਸੀ ਕਿ ਮੈਂ ਉਸ ਵਲ ਦੇਖ ਨਾ ਸਕੀ।

ਅਤੇ ਮੈਂ ਇਕ ਆਦਮੀ ਨੂੰ ਕਿਹਾ, "ਇਹ ਕੌਣ ਹੈ?

ਉਸ ਨੇ ਜੁਆਬ ਦਿੱਤਾ; ਇਹ ਸਾਡਾ ਭਰਾ ਇਕ ਵਾਰੀ ਡਿਗ ਕੇ ਆਪਣੇ ਹੱਥ ਅਤੇ ਪੈਰ ਤੁੜਾ ਬੈਠਾ ਅਤੇ ਉਦੋਂ ਦਾ ਚਲਣ ਫਿਰਨ ਦੇ ਕਾਬਲ ਨਹੀ ਰਿਹਾ ਹੈ। ਪਰ ਇਸ ਦੇ ਟੁੱਟੇ ਹੱਥਾਂ ਅਤੇ ਪੈਰਾਂ ਨੂੰ ਅਸੀਂ ਏਨੀ ਵਾਰ ਛੂਹਿਆ ਹੈ ਕਿ ਇਹ ਸਵਰਗ ਵਿਚ ਸਭ ਚੀਜ਼ਾਂ ਤੋਂ ਜ਼ਿਆਦਾ ਰੌਸ਼ਨੀ ਹੋ ਗਏ ਹਨ। ਅਸੀਂ ਇਸਨੂੰ ਉਹਨਾਂ ਚੀਜ਼ਾਂ ਕੋਲ ਲੈ ਜਾਂਦੇ ਹਾਂ ਜਿੰਨਾ ਨੂੰ ਜ਼ਿਆਦਾ ਗਰਮਾਇਸ਼ ਦੀ ਲੋੜ ਹੁੰਦੀ ਹੈ। ਕਿਸੇ ਨੂੰ ਇਹ ਅਧਿਕਾਰ ਨਹੀਂ ਕੇ ਇਸ ਨੂੰ ਆਪਣੇ ਕੋਲ ਜਿਆਦਾ ਦਿਨ ਰੱਖੇ ਕਿਉਂਕਿ ਇਹ ਹਰ ਕਿਸੇ ਦਾ ਸਾਂਝਾ ਹੈ। ਅਤੇ ਉਹ ਦਰਖ਼ਤਾਂ ਵਿਚੋਂ ਲੰਘ ਗਏ।

ਮੈਂ ਰੱਬ ਨੂੰ ਕਿਹਾ, "ਇਹ ਅਜੀਬ ਦੁਨੀਆਂ ਹੈ। ਮੇਰੀ ਤੇ ਇਹ ਸੋਚ ਸੀ ਕਿ ਅੰਧਾ ਪਨ ਅਤੇ ਲੰਗੜਾ ਪਨ ਦੋ ਬੁਰਾਈਆਂ ਹਨ"।

ਰੱਬ ਨੇ ਕਿਹਾ," ਕੀ ਤੂੰ ਕਦੀ ਸੋਚਿਆ ਹੈ ਕਿ ਪਿਆਰ ਨੂੰ ਹੱਥਾਂ ਅਤੇ ਅੱਖਾਂ ਦੀ ਲੋੜ ਹੈ !

ਆਪਣੇ ਹੱਥਾਂ ਨੂੰ ਜੋੜ ਕੇ ਮੈਂ ਰੌਸ਼ਨੀ ਦੇ ਰਸਤੇ ਤੇ ਚਲਦੀ ਗਈ। ਮੈਂ ਰੱਬ ਨੂੰ ਕਿਹਾ, "ਜਦੋਂ ਮੈਂ ਛੋਟੀ ਬਚੀ ਹੁੰਦੀ ਸੀ ਓਦੋਂ ਮੈਂ ਇਕੱਲੀ ਬੈਠ ਕੇ ਰੋਂਦੀ ਸੀ ਅਤੇ ਇਸ ਧਰਤੀ ਦੇ ਸੁਪਨੇ ਲਿਆ ਕਰਦੀ ਸੀ ਅਤੇ ਹੁਣ ਮੈਂ ਇਥੋਂ ਨਹੀ ਜਾਵਾਂਗੀ। ਇਥੇ ਹੀ ਰਹਿ ਕੇ ਚਮਕਾਂਗੀ"। ਮੈਂ ਆਪਣਾ ਲਿਬਾਸ ਉਤਾਰਨਾ ਸ਼ੁਰੂ ਕਰ ਦਿੱਤਾ ਤਾਂ ਕਿ ਦੂਸਰਿਆਂ ਦੀ ਤਰ੍ਹਾਂ ਜੋ ਇਥੇ

ਰਹਿੰਦੇ ਹਨ ਮੈਂ ਵੀ ਚਮਕਾਂ। ਪਰ ਮੈਂ ਦੇਖਿਆ ਮੇਰੇ ਸਰੀਰ ਤੋਂ ਰੌਸ਼ਨੀ ਨਹੀ ਨਿਕਲ ਰਹੀ ਸੀ। ਮੈਂ ਰੱਬ ਨੂੰ ਪੁੱਛਿਆ, "ਇਹ ਕਿਉ?

ਰੱਬ ਨੇ ਕਿਹਾ; ਕੀ ਤੇਰਾ ਦਿਲ ਕਾਲਾ ਨਹੀਂ ਹੈ? ਕੀ ਦੂਸਰਿਆਂ ਪ੍ਰਤੀ ਇਹ ਕੁੜੱਤਣ ਰਹਿਤ ਹੈ?

"ਹਾਂ ਕਾਲਾ ਵੀ ਹੈ ਅਤੇ ਕੁੜੱਤਣ ਵਾਲਾ ਵੀ ਹੈ। ਮੈਂ ਸੋਚਿਆ--- ਹੁਣ ਵੇਲਾ ਹੈ ਕਿ ਮੈਂ ਰੱਬ ਨੂੰ ਸਭ ਕੁਝ ਦਸਾਂ ਕੇ ਦੂਸਰਿਆਂ ਨੇ ਮੇਰੇ ਨਾਲ ਹਮੇਸ਼ਾ ਹੀ ਭੈੜਾ ਵਿਵਹਾਰ ਕੀਤਾ ਹੈ, ਮੈਨੂੰ ਕਿਸ ਤਰ੍ਹਾਂ ਗਲਤ ਸਮਝਿਆ ਹੈ। ਭਾਵੇਂ ਮੈਂ ਉਹਨਾਂ ਨਾਲ ਵੱਡੇ ਅਤੇ ਵਿਸ਼ਾਲ ਹਿਰਦੇ ਨਾਲ ਪੇਸ਼ ਆਈ ਹਾਂ ਪਰ ਉਹ.... ਮੈਂ ਬੜਾ ਕੁਝ ਰੱਬ ਨੂੰ ਉਹਨਾਂ ਪ੍ਰਤੀ ਸ਼ਿਕਵਾ ਗਿਲਾ ਦੱਸਦੀ ਰਹੀ"।

ਪਰ ਜਦੋਂ ਮੈਂ ਫੁਲਾਂ ਵਲ ਥੱਲੇ ਦੇਖਿਆ ਕਿ ਉਹ ਫੁਲ ਜਿੰਨਾ ਤੇ ਮੇਰਾ ਸਾਹ ਪੈ ਰਿਹਾ ਸੀ ਉਹ ਮੁਰਝਾ ਗਏ ਸੀ ਅਤੇ ਮੈਂਸ਼ਰਮ ਨਾਲ ਚੇਹਰਾ ਝੁਕਾ ਲਿਆ। ਮੈਂ ਚੁਪ ਹੋ ਗਈ।

ਅਤੇ ਰੱਬ ਨੇ ਮੈਨੂੰ ਉਪਰ ਵਲ ਬੁਲਾਇਆ ਅਤੇ ਮੈਂ ਆਪਣੀ ਸਾਰੀ ਹਿੰਮਤ ਜੁਟਾ ਕੇ ਰੱਬ ਦੇ ਪਿਛੇ ਚਲ ਪਈ।

ਚਟਾਨਾਂ ਉੱਚੀਆਂ ਅਤੇ ਹਰ ਪਾਸੇ ਸਿੱਧੀਆਂ ਉਪਰ ਵਲ ਨੂੰ ਜਾ ਰਹੀਆਂ ਸਨ। ਅਸੀਂ ਇਕ ਬਹੁਤ ਉੱਚੇ ਪਹਾੜ ਤੇ ਆ ਪਹੁੰਚੇ ਜਿਸ ਦੀਆਂ ਸਿਖਰਾਂ ਬਦਲਾਂ ਵਿਚ ਗੁੰਮ ਸਨ। ਪਹਾੜ ਦੇ ਇਕ ਤਰਫ਼ ਆਦਮੀ ਗੈਂਤੀਆਂ ਨਾਲ ਬੜੀ ਮੁਸ਼ੱਕਤ ਕਰ ਰਹੇ ਸਨ। ਵੱਡੇ ਢੇਲੇ ਚਟਾਨਾਂ ਦਿਆਂ ਨੂੰ ਪੁੱਟ ਕੇ ਫਿਰ ਉਹਨਾਂ ਨੂੰ ਤੋੜ ਕੇ ਪੋਲੇ ਕਰ ਰਹੇ ਸਨ। ਕੁਝ ਲੋਕ ਇਕੱਠੇ ਪਰ ਬਹੁਤੇ ਇਕੱਲੇ-ਇਕੱਲੇ ਕੰਮ ਕਰ ਰਹੇ ਸਨ। ਕੰਮ ਕਰ-ਕਰ ਕੇ ਉਹਨਾਂ ਦੀਆਂ ਬਾਂਹਾਂ ਦੇ ਪੱਠੇ ਸਖ਼ਤ ਅਤੇ ਬੜੇ ਤਗੜੇ ਉਭਰੇ ਹੋਏ ਸਨ ਅਤੇ ਉਹਨਾਂ ਦੇ ਮਥਿਆਂ ਤੋਂ ਪਸੀਨਾ ਵਗ ਰਿਹਾ ਸੀ।

ਮੈਂ ਰੱਬ ਨੂੰ ਪੁੱਛਿਆ, "ਮੈਂ ਕਦੀ ਵੀ ਨਹੀ ਸੋਚਿਆ ਸੀ ਕੇ ਸਵਰਗ ਵਿਚ ਲੋਕ ਇੰਨੀ ਮਿਹਨਤ ਕਰਦੇ ਹੋਣਗੇ!

ਮੈਂ ਸੋਚਦੀ ਸੀ ਕਿ ਉਥੇ ਦੇ ਬਾਗਾਂ ਵਿਚ ਲੋਕ ਗਾਂਦੇ ਅਤੇ ਮਜ਼ੇ ਲੈਂਦੇ ਹੋਣਗੇ। ਪਰ ਮੈਂ ਹੈਰਾਨ ਸੀ ਕਿ ਉਹਨਾਂ ਨੂੰ ਇਸ ਤਰ੍ਹਾਂ ਦੇ ਠੋਸ ਪਹਾੜ ਨੂੰ ਖੋਦਣ ਦਾ ਕੰਮ ਕਰਨਾ ਪੈ ਰਿਹਾ ਹੈ। ਪਰ ਜਦੋਂ ਮੈਂ ਉਹਨਾਂ ਕੰਮ ਕਰ ਰਹੇ ਆਦਮੀਆਂ ਦੇ ਮਥਿਆਂ ਵਲ ਝਾਕਿਆ ਤਾਂ ਉਹ ਰੌਸ਼ਨੀ ਦੇ ਰਹਿ ਸਨ ਅਤੇ ਜੋ ਪਸੀਨੇ ਦੇ ਕਤਰੇ ਉਹਨਾਂ ਦੇ ਮਥਿਆਂ ਤੋਂ ਟਪਕਦੇ ਸਨ ਉਹ ਵੀ ਰੌਸ਼ਨੀ ਦਿੰਦੇ ਹੋਏ ਥੱਲੇ ਡਿਗਦੇ।

ਮੈਂ ਰੱਬ ਨੂੰ ਪੁੱਛਿਆ, "ਉਹ ਕਿਸ ਚੀਜ਼ ਨੂੰ ਖੋਜ ਰਹੇ ਹਨ?

ਰੱਬ ਨੇ ਮੇਰੀਆਂ ਅੱਖਾਂ ਛੂਹੀਆਂ ਅਤੇ ਮੈ ਦੇਖਿਆ ਉਹ ਛੋਟੇ-ਛੋਟੇ ਪੱਥਰ ਲੱਭ ਰਹੇ ਸਨ ਜਿੰਨਾਂ ਦੀ ਤੇਜ ਰੌਸ਼ਨੀ ਮੈਂ ਪਹਿਲਾਂ ਨਹੀ ਦੇਖ ਸਕਦੀ ਸੀ। ਪੱਥਰਾਂ ਦੀ ਅਤੇ ਆਦਮੀਆਂ ਦੇ ਮਥਿਆਂ ਦੀ ਰੌਸ਼ਨੀ ਇਕੋ ਵਰਗੀ ਸੀ। ਜਦੋਂ ਵੀ ਕੋਈ ਪੱਥਰ ਲੱਭਦਾ ਉਹ ਨਾਲ ਦੇ ਨੂੰ ਦਿੰਦਾ ਅਤੇ ਉਹ ਨਾਲ ਵਾਲੇ ਨੂੰ....। ਕੋਈ ਆਪਣੇ ਕੋਲ ਪੱਥਰ ਨਾ ਰੱਖਦਾ। ਜਦੋਂ ਕੋਈ ਵੱਡਾ ਪੱਥਰ ਮਿਲਦਾ ਤਾਂ ਸਾਰੇ ਜਣੇ ਉਸ ਨੂੰ ਚੁਕਦੇ ਫਿਰ ਇੰਨਾਂ ਹੱਸਦੇ ਕਿ ਆਕਾਸ਼ ਗੂੰਜ ਉਠਦਾ। ਫਿਰ ਕੰਮ ਨੂੰ ਜੁਟ ਜਾਂਦੇ।

ਮੈਂ ਰੱਬ ਨੂੰ ਪੁੱਛਿਆ, "ਇਹਨਾਂ ਪੱਥਰਾਂ ਦਾ ਇਹ ਕੀ ਕਰਦੇ ਹਨ?

ਰੱਬ ਨੇ ਫਿਰ ਮੇਰੀਆਂ ਅੱਖਾਂ ਨੂੰ ਤਾਕਤਵਰ ਬਣਾਉਣ ਲਈ ਛੂਹਿਆ ਅਤੇ ਮੈਂ ਆਪਣੇ ਪੈਰਾਂ ਵਿਚ ਇਕ ਵੱਡਾ ਹਾਰ ਪਿਆ ਦੇਖਿਆ ਜਿਸ ਵਿਚੋਂ ਰੌਸ਼ਨੀ ਵਗ ਰਹੀ ਸੀ।

ਰੱਬ ਨੇ ਕਿਹਾ, "ਹਰ ਪੱਥਰ ਜੋ ਮਿਲਦਾ ਹੈ ਉਸਨੂੰ ਇਕ ਖਾਸ ਨਮੂਨੇ ਵਿਚ ਰੱਖਦੇ। ਇਸ ਤਰ੍ਹਾਂ ਕਰਦੇ-ਕਰਦੇ ਇਹ ਖ਼ੂਬਸੂਰਤ ਹਾਰ ਇਕ ਖਾਸ ਨਮੂਨੇ ਦਾ ਬਣ ਜਾਂਦਾ ਹੈ"।

ਰੱਬ ਨੇ ਕਿਹਾ, "ਇਹ ਪੱਥਰ ਜੀਉਂਦੇ ਹਨ ਅਤੇ ਵੱਧਦੇ ਹਨ"।

ਮੈਂ ਕਿਹਾ, "ਇਸ ਤਰ੍ਹਾਂ ਕੰਮ ਕਰਨ ਨਾਲ ਇਹਨਾਂ ਨੂੰ ਕੀ ਮਿਲਦਾ ਹੈ?

ਰੱਬ ਨੇ ਕਿਹਾ," ਉਹ ਨਮੂਨਾ ਬਣਾ ਕਿ ਸੰਤੁਸ਼ਟ ਹੁੰਦੇ ਹਨ। ਪੱਥਰ ਉਪਰ ਪੱਥਰ ਫਿਰ ਪੱਥਰ ਅਤੇ ਹਾਰ ਦਾ ਬਣਦੇ ਜਾਣਾ ਜ਼ਿਆਦਾ ਰੌਸ਼ਨੀ ਦਿੰਦਾ ਹੈ"।

ਮੈਂ ਕਿਹਾ, "ਪੂਰਾ ਹਾਰ ਕਦੋਂ ਬਣ ਜਾਵੇਗਾ?

ਰੱਬ ਨੇ ਕਿਹਾ, "ਉਪਰ ਦੇਖ"। ਮੈਂ ਇਕ ਪਹਾੜ ਜੈਸਾ ਖੰਭਾ ਦੇਖਿਆ ਪਰ ਇਸ ਦੀ ਸਿਖਰ ਬਦਲਾਂ ਵਿਚ ਲੁਕੀ ਸੀ ਜੋ ਮੈਂ ਨਾ ਦੇਖ ਸਕੀ। ਰੱਬ ਨੇ ਹੋਰ ਕੁਝ ਨਾ ਕਿਹਾ।

ਫਿਰ ਮੈਂ ਹਾਰ ਵਲ ਦੇਖਿਆ ਅਤੇ ਮੇਰੇ ਵਿਚ ਇਕ ਖਾਹਸ਼ ਉਠੀ ਉਸ ਹਾਰ ਨੂੰ ਹਾਸਲ ਕਰਣ ਦੀ। ਉਹ ਖਾਹਸ਼ ਇਕ ਮਾਂ ਦੀ ਹਸਰਤ ਆਪਣੇ ਬਚੇ ਨੂੰ ਜਿਉਂਦਾ ਦੇਖਣ ਜੈਸੀ ਸੀ ਜਿਸਨੂੰ ਮੌਤ ਨੇ ਖਾ ਲਿਆ ਹੋਵੇ, ਇਕ ਦੋਸਤ ਨੂੰ ਆਪਣੇ ਦੋਸਤ ਨੂੰ ਦੇਖਣ ਜੈਸੀ ਹਸਰਤ ਜਿਸਨੂੰ ਮੌਤ ਨੇ ਦਫ਼ਨ ਕਰ ਦਿੱਤਾ ਹੋਵੇ, ਉਹਨਾਂ ਅੱਖਾਂ ਦੀ ਹਸਰਤ ਜੈਸੀ ਜਿਸਨੂੰ ਮੌਤ ਖਤਮ ਕਰ ਰਹੀ ਹੋਵੇ ਪਰ ਉਹ ਜ਼ਿੰਦਗੀ ਨੂੰ ਜਿੰਦਾ ਰੱਖਣਾ ਚਾਹੁੰਦੀਆਂ ਹੋਣ; ਇਕ ਭੁੱਖੀ ਰੂਹ ਦੀ ਪਿਆਸ ਜੋ ਪਿਆਰ ਨੂੰ ਪਾਉਣ ਲਈ ਤਰਸਦੀ ਹੋਵੇ ਜੈਸੀ। ਪਰ ਮੇਰੀ ਖਾਹਸ਼ ਇੰਨਾਂ ਤੋਂ ਵੀ ਤਿੱਖੀ ਸੀ।

ਮੈਂ ਰੱਬ ਅਗੇ ਤਰਲੇ ਕੀਤੇ ਕਿ," ਮੈਂ ਵੀ ਇਹਨਾਂ ਵਿਚ ਕੰਮ ਕਰਨਾ ਚਾਹੁੰਦੀ ਹਾਂ, ਮੈਂ ਵੀ ਇਸ ਖ਼ੂਬਸੂਰਤ ਨਮੂਨੇ ਵਿਚ ਪੱਥਰ ਲਾਵਾਂਗੀ, ਪੱਥਰ ਲੱਭਾਂਗੀ ਅਤੇ ਹੋ ਸਕਦਾ ਹੈ ਮੈਨੂੰ ਸਾਰੀ ਉਮਰ ਪੱਥਰ ਨਾ ਵੀ ਲੱਭੇ ਪਰ ਇਹਨਾਂ ਦੇ ਨਾਲ ਮਿਲ ਕੇ ਕੰਮ ਕਰਣ ਦੀ ਤਾਂ ਤਸੱਲੀ ਹੋਵੇਗੀ; ਮੈਂ ਇਹਨਾਂ ਦੀ ਜਿੱਤ ਵਿਚ ਸ਼ਾਮਿਲ ਹੋਵਾਂਗੀ, ਮੈਂ ਵੀ ਇਹਨਾਂ ਦੇ ਨਾਲ ਖੁਸ਼ੀ ਨਾਲ ਚੀਕਾਂਗੀ; ਮੈਂ ਹਾਰ ਬਣਦਾ ਅਤੇ ਵੱਧਦਾ ਦੇਖਾਂਗੀ"। ਹਾਰ ਨੂੰ ਦੇਖ ਕੇ ਮੇਰੇ ਅੰਦਰ ਇੰਨੀ ਤੜਪ ਸੀ ਕਿ ਮੈਂ ਸੋਚਿਆ ਮੇਰੇ ਮਥੇ ਤੋਂ ਵੀ ਇਕ ਹਲਕੀ ਰੌਸ਼ਨੀ ਨਿਕਲੀ ਹੈ"।

ਰੱਬ ਨੇ ਕਿਹਾ," ਕੀ ਤੂੰ ਬਾਗ਼ਾਂ ਵਿਚ ਗਾਉਣ ਦੀ ਆਵਾਜ਼ ਨਹੀ ਸੁਣ ਰਹੀ ਹੈਂ?

ਮੈਂ ਕਿਹਾ, "ਮੈਨੂੰ ਕੁਝ ਸੁਣਾਈ ਨਹੀਂ ਦੇ ਰਿਹਾ ਹੈ, ਮੇਰਾ ਧਿਆਨ ਸਿਰਫ ਹਾਰ (ਮੁਕਟ) ਵਲ ਹੀ ਹਾਂ। ਮੈਂ ਖਾਹਸ਼ ਨਾਲ ਗੂੰਗੀ ਅਤੇ ਬਹਿਰੀ ਹੋ ਗਈ ਹਾਂ। ਮੈਨੂੰ ਹੇਠਲੀ ਸਵਰਗ ਦੇ ਫੁਲ ਅਤੇ ਗੀਤ ਭੁੱਲ ਗਏ ਹਨ"।

ਮੈਂ ਅਗੇ ਨੂੰ ਦੌੜੀ ਅਤੇ ਸਾਰੇ ਜ਼ੋਰ ਨਾਲ ਝੁਕ ਕੇ ਇਕ ਵੱਡਾ ਔਜ਼ਾਰ ਜੋ ਉਥੇ ਪਿਆ ਹੋਇਆ ਸੀ ਨੂੰ ਪਕੜਨ ਦੀ ਕੋਸ਼ਿਸ਼ ਕੀਤੀ ਪਰ ਉਸਨੂੰ ਹਿਲਾ ਵੀ ਨਾ ਸਕੀ।

ਰੱਬ ਨੇ ਕਿਹਾ," ਇਸ ਨੂੰ ਉਠਾਨ ਲਈ ਤੂੰ ਤਾਕਤ ਹਾਸਲ ਕੀਤੀ ਸੀ? ਅਪਣਾ ਨਕਾਬ ਵੀ ਫੜ ਲੈ"।

ਮੈਂ ਆਪਣਾ ਲਿਬਾਸ ਉਠਾ ਕਿ ਰੱਬ ਦੇ ਪਿਛੇ ਚਲ ਪਈ ਪਰ ਮੈਂ ਵਾਪਸ ਮੁੜ ਕੇ ਦੇਖਿਆ ਅਤੇ ਤਾਜ/ਮੁਕਟ ਜਲ ਰਿਹਾ ਸੀ; ਮੇਰਾ ਮੁਕਟ ਜੋ ਮੈਨੂੰ ਬਹੁਤ ਮਨਮੋਹਣਾ ਲਗਦਾ ਸੀ।

ਅਸੀਂ ਉਪਰ ਹੋਰ ਉਪਰ ਚੜ੍ਹਦੇ ਗਏ ਅਤੇ ਹਵਾ ਪਤਲੀ ਹੁੰਦੀ ਗਈ। ਸੁਕੀਆਂ ਚਟਾਨਾਂ ਤੇ ਕੋਈ ਦਰਖ਼ਤ ਜਾਂ ਪੌਦਾ ਨਹੀਂ ਸੀ। ਖ਼ਾਮੋਸ਼ੀ ਅਜੇ ਅਖੰਡਿਤ ਅਤੇ ਅਟੁੱਟ ਸੀ। ਮੇਰਾ ਸਾਹ ਲੈਣਾ ਤੇਜ ਅਤੇ ਔਖਾ ਹੋ ਗਿਆ ਅਤੇ ਖ਼ੂਨ ਮੇਰੀਆਂ ਉਂਗਲਾਂ ਦੇ ਸਿਰਿਆਂ ਤੋਂ ਵਗਣਾ ਸ਼ੁਰੂ ਹੋ ਗਿਆ। ਮੈਂ ਰੱਬ ਨੂੰ ਕਿਹਾ; ਕੀ ਇਹ ਸਵਰਗ ਹੈ?

ਰੱਬ ਨੇ ਕਿਹਾ," ਹਾਂ; ਇਹ ਸਭ ਤੋਂ ਉਚੇਰਾ ਹੈ।

ਫਿਰ ਵੀ ਉਪਰ ਨੂੰ ਚੜ੍ਹਦੇ ਗਏ। ਮੈਂ ਰੱਬ ਨੂੰ ਕਿਹਾ; ਮੈਂ ਇੰਨੀ ਉੱਚੀ ਜਗ੍ਹਾ ਤੇ ਸਾਹ ਨਹੀਂ ਲੈ ਸਕਦੀ"।

ਰੱਬ ਨੇ ਕਿਹਾ, "ਕਿਉਂਕਿ ਹਵਾ ਸ਼ੁੱਧ ਹੈ।

ਮੇਰਾ ਸਿਰ ਚਕਰਾ ਗਿਆ ਅਤੇ ਜਿਉਂ-ਜਿਉਂ ਮੈਂ ਉਪਰ ਚੜ੍ਹਦੀ ਗਈ ਮੇਰੀਆਂ ਉਂਗਲਾਂ ਵਿਚੋਂ ਖ਼ੂਨ ਆਉਂਦਾ ਹੀ ਰਿਹਾ। ਫਿਰ ਅਸੀਂ ਪਹਾੜ ਦੀ ਇਕ ਸੁੰਨਸਾਨ ਸਿਖਰ ਤੇ ਆ ਗਏ। ਕੋਈ ਜੀਉਂਦੀ ਚੀਜ਼ ਉਥੇ ਨਹੀਂ ਸੀ ਪਰ ਦੂਰ ਮੈਂ ਇਕ ਇਕੱਲੀ ਸੂਰਤ ਖੜੀ ਦੇਖੀ ਪਰ ਇਹ ਪਤਾ ਨਾਲਗੇ ਕਿ ਮਰਦ ਹੈ ਜਾਂ ਔਰਤ। ਲਗਦੀ ਇਹ ਔਰਤ ਵਾਂਗ ਸੀ ਪਰ ਇਹਦੇ ਸ਼ਰੀਰ ਦੇ ਅੰਗ ਮਜ਼ਬੂਤ, ਤਗੜੇ ਕਿਸੇ ਯੋਧੇ ਆਦਮੀ ਵਾਂਗੂ ਸਨ।

ਮੈਂ ਰੱਬ ਨੂੰ ਪੁੱਛਿਆ; ਕੀ ਇਹ ਮਰਦ ਹੈ ਕਿ ਔਰਤ"।

ਰੱਬ ਨੇ ਕਿਹਾ," ਥੱਲੇ ਵਾਲੀ ਸਵਰਗ ਵਿਚ ਲਿੰਗ ਪਰਧਾਨ ਹੈ; ਉਪਰ ਵਾਲੇ ਸਵਰਗ ਵਿਚ ਇਸ ਦੀ ਪਹਿਚਾਨ ਘਟ ਜਾਂਦੀ ਹੈ ਪਰ ਸਭ ਤੋਂ ਉੱਚੇ ਸਵਰਗ ਵਿਚ ਇਹ ਹੁੰਦਾ ਹੀ ਨਹੀਂ ਹੈ" ਅਤੇ ਮੈਂ ਇਸ ਯੋਧਾ ਸੂਰਤ ਨੂੰ ਆਪਣੇ ਕੰਮ ਕਰਨ ਵਿਚ ਝੁਕਿਆ ਹੋਇਆ ਦੇਖਿਆ। ਇਹ ਯੋਧਾ ਭਾਰੀ ਸਖ਼ਤ ਮੁਸ਼ੱਕਤ ਕਰ ਰਿਹਾ ਸੀ। ਪਰ ਇਹ ਕਿਉ ਸਖ਼ਤ ਮਿਹਨਤ ਕਰ ਰਿਹਾ ਸੀ, ਮੈਂ ਇਸ ਦਾ ਅੰਦਾਜ਼ਾ ਨਾ ਲਾ ਸਕੀ। ਮੈਂ ਰੱਬ ਨੂੰ ਕਿਹਾ, "ਇਹ ਇਥੇ ਕਿਸ ਤਰ੍ਹਾਂ ਆਇਆ ਹੈ?

ਰੱਬ ਜੀ ਬੋਲੇ; ਇਕ ਖ਼ੂਨੀ ਪੌੜੀ ਰਾਹੀ। ਥੱਲੇ ਵਾਲੀ ਨਰਕ ਤੋਂ ਹਰ ਡੰਡੇ ਤੋਂ ਚੜਦਾ ਹੋਇਆ ਅਤੇ ਹਰ ਰੋਜ਼ ਇਹ ਚੜਦਾ ਰਿਹਾ। ਇਹ ਪੌੜੀ ਨਰਕ ਅਤੇ ਸਵਰਗ ਵਿਚਕਾਰ ਖਾਈ ਉਪਰ ਪਈ ਹੋਈ ਲਟਕ ਰਹੀ ਹੈ। ਹਰ ਪਲ ਇਹ ਪੌੜੀ ਤੇ ਉਪਰ ਚੜ੍ਹਦਾ ਰਿਹਾ ਅਤੇ ਇਸ ਦੇ ਸ਼ਰੀਰ ਦੇ ਅੰਗ ਮਜ਼ਬੂਤ ਹੁੰਦੇ ਗਏ। ਇਸ ਦਾ ਲਿਬਾਸ ਹੌਲੀ-ਹੌਲੀ ਫਟਦਾ ਰਿਹਾ। ਇਹਦੀਆਂ ਅੱਖਾਂ ਵਿਚੋਂ ਪਾਣੀ ਦੇ ਤੁਬਕੇ ਵਹਿੰਦੇ ਰਹੇ ਅਤੇ ਅੱਖਾਂ ਥੱਕ ਕੇ ਸੁਘੜ ਗਈਆਂ। ਹਰ ਡੰਡੇ ਦੀ ਚੜ੍ਹਾਈ ਤੇ ਇਹਦਾ ਖ਼ੂਨ ਡਿਗਦਾ ਰਿਹਾ। ਫਿਰ ਇਹ ਇਥੇ ਪਹੁੰਚਿਆ"।

ਮੈਂ ਸੋਚਿਆ ਸਵਰਗ ਦੇ ਬਾਗ਼ਾਂ ਬਾਰੇ ਜਿਥੇ ਲੋਕ ਬਾਂਹਾਂ ਵਿਚ ਬਾਂਹਾਂ ਪਾ ਕੇ ਗਾਉਂਦੇ ਹਨ ਅਤੇ ਪਹਾੜ ਜਿਥੇ ਲੋਕ ਇਕੱਠੇ ਕੰਮ ਕਰਦੇ ਹਨ। ਮੈਂ ਕੰਬ ਗਈ।

ਅਤੇ ਮੈਂ ਕਿਹਾ; ਕੀ ਇਥੇ ਇਕੱਲੇ ਰਹਿਣਾ ਭਿਆਨਕ ਨਹੀਂ ਹੈ?"

ਰੱਬ ਜੀ ਬੋਲੇ; ਇਕਲਾਪਾ ਕਦੀ ਨਹੀ ਹੈ ਇਥੇ"।

ਮੈਂ ਕਿਹਾ, "ਇਸਦੀ ਸਖ਼ਤ ਮਿਹਨਤ ਦਾ ਇਸਨੂੰ ਕੀ ਫਲ ਮਿਲਦਾ ਹੈ?" ਮੇਰੇ ਖਿਆਲ ਮੁਤਾਬਕ ਕੁਝ ਨਹੀਂ ਇਸਨੂੰ ਮਿਲੇਗਾ"।

ਇਕ ਵਾਰੀ ਫਿਰ ਰੱਬ ਨੇ ਮੇਰੀਆਂ ਅੱਖਾਂ ਛੂਹੀਆਂ ਅਤੇ ਮੈਂ ਦੇਖਿਆ ਸਾਡੇ ਥੱਲੇ ਵਲ ਸਵਰਗ ਅਤੇ ਨਰਕ ਦੋਨਾਂ ਦੇ ਮੈਦਾਨ ਮੈਨੂੰ ਨਜ਼ਰ ਆ ਰਹੇ ਹਨ ਅਤੇ ਉਹਨਾਂ ਵਿਚ ਮੌਜੂਦ ਸਾਰੀਆਂ ਚੀਜ਼ਾਂ ਵੀ।

ਰੱਬ ਨੇ ਕਿਹਾ:- ਇਸ ਉੱਚੀ ਇਕੱਲੀ ਸਿਖਰ ਤੇ ਜਿਥੇ ਉਹ ਖਲੋਤਾ ਹੈ, ਸਾਰੀਆਂ ਚੀਜ਼ਾਂ ਖੁੱਲੀਆਂ ਉਹਦੇ ਸਾਹਮਣੇ ਹਨ। ਉਥੇ ਖੜ੍ਹਾ ਹੀ ਉਹ ਦੇਖ ਸਕਦਾ ਹੈ ਬਾਗ਼ ਦੀ ਸਾਫ ਚਮਕ, ਉਹ ਦੇਖ ਸਕਦਾ ਹੈ ਫੁਲਾਂ ਦਾ ਉੱਗਣਾ ਅਤੇ ਖਿੜਨਾ, ਨਦੀਆਂ ਦੇ ਚਲਣ ਦੀ ਧਾਰਾ ਅਤੇ ਚਮਕ, ਭਾਵੇਂ ਕੋਈ ਉੱਚੀ ਆਵਾਜ ਨਹੀ ਹੈ ਪਰ ਉਹਦੇ ਕੰਨ ਸੁਣ ਸਕਦੇ ਹਨ ਪਹਾੜਾਂ ਤੋਂ ਆ ਰਹੇ ਰਾਗ ਰਾ ਗਣੀਆਂ, ਉਹ ਦੇਖ ਸਕਦਾ ਹੈ ਮੁਕਟਾਂ ਦਾ ਬਨਣਾ ਅਤੇ ਉਹਨਾਂ ਵਿਚੋਂ ਰੌਸ਼ਨੀ ਦਾ ਝਰਨਾ। ਸਾਰੀ ਨਰਕ ਉਹਦੇ ਸਾਹਮਣੇ ਖੁੱਲੀ ਨਜ਼ਰ ਆ ਰਹੀ ਹੈ। ਉਹ ਉਪਰ ਵਲ ਆਉਂਦੇ ਰਸਤੇ ਦੇਖ ਸਕਦਾ ਹੈ। ਉਸ ਨੂੰ ਪ੍ਰਤੀਤ ਹੁੰਦਾ ਹੈ ਨਰਕ ਦੇ ਦੁਖ ਹੀ ਆਖਿਰ ਰੂਹ ਨੂੰ ਸ਼ੁੱਧ ਕਰਕੇ ਉਹ ਬੀਜ ਬਣਦੇ ਹਨ ਜਿਹੜੇ ਵੱਧ ਫੁਲ ਕੇ ਸਵਰਗ ਬਣਦੇ ਹਨ। ਉਹ ਸ਼ਕਤੀ ਦਾ ਉਪਰ ਵਲ ਨੂੰ ਆਉਣਾ ਦੇਖ ਰਿਹਾ ਹੈ। ਇਸ ਵਿਚ ਆਨੰਦ ਹੈ ਅਤੇ ਇਹੋ ਹੀ ਇਸਦੀ ਕਮਾਈ ਹੈ।

ਅਤੇ ਉਸ ਯੋਧੇ ਸੂਰਤ ਨੇ ਆਪਣੇ ਕੰਮ ਵਲੋ ਚੇਹਰੇ ਨੂੰ ਹਟਾਇਆ ਅਤੇ ਰੌਸ਼ਨੀ ਮੇਰੇ ਤੇ ਪਈ। ਫਿਰ ਇਹ ਇੰਨੀ ਵੱਧ ਗਈ ਕਿ ਮੈਂ ਚੀਜ਼ਾਂ ਨੂੰ ਨਖੇੜ ਕੇ ਨਾ ਦੇਖ ਸਕਦੀ; ਅਤੇ ਕਿਹੜਾ ਰੱਬ ਹੈ ਕਿਹੜਾ ਉਹ ਬੰਦਾ ਹੈ ਯਾ ਮੈਂ, ਮੈਂ ਦਸ ਨਾ ਸਕਦੀ ਜਿਵੇਂ ਅਸੀਂ ਸਾਰੇ ਘੁਲ ਕੇ ਇਕੋ ਹੋ ਗਏ ਹੋਈਏ। ਮੈਂ ਰੱਬ ਅਗੇ ਚੀਕੀ; ਤੁਸੀਂ ਕਿਥੇ ਹੋ?" ਪਰ ਕੋਈ ਉਤਰ ਨਹੀਂ, ਸਿਰਫ ਰਾਗ ਅਤੇ ਰੌਸ਼ਨੀ।

ਬਾਦ ਵਿਚ ਜਦੋਂ ਹਨੇਰਾ ਹੋਇਆ ਮੈਂ ਚੀਜ਼ਾਂ ਨੂੰ ਵੱਖ-ਵੱਖ ਦੇਖ ਸਕਦੀ ਸੀ।। ਮੈਂ ਦੇਖਿਆ ਕਿ ਮੈਂ ਖਲੋਤੀ ਹੋਈ ਹਾਂ ਲਪੇਟੀ ਹੋਈ ਆਪਣੇ ਧਰਤੀ ਵਾਲੇ ਪੁਰਾਣੇ, ਬਾਦਾਮੀ ਰੰਗ ਦੇ ਲਿਬਾਸ ਵਿਚ। ਅਤੇ ਰੱਬ, ਉਹ ਯੋਧਾ ਸੂਰਤ ਅਤੇ ਮੈਂ ਵੱਖ ਵੱਖ ਹਾਂ ਸਾਰੇ ਇਕ ਦੂਜੇ ਤੋਂ।

ਮੇਰੀ ਹਿੰਮਤ ਨਾ ਪਈ ਕਿ ਮੈਂ ਉਸ ਆਦਮੀ (ਯੋਧੇ) ਨਾਲ ਖਲੋ ਕੇ ਰਾਗ ਗਾਂਵਾਂ। ਮੈਨੂੰ ਪਤਾ ਸੀ ਮੈਂ ਉਹਦੇ ਗੋਡਿਆਂ ਤਕ ਵੀ ਨਹੀਂ ਪਹੁੰਚ ਸਕਦੀ ਸੀ ਨਾ ਉਸ ਸਾਜ ਨੂੰ ਹਿਲਾ ਸਕਦੀ ਸੀ। ਪਰ ਮੈਂ ਸੋਚਿਆ ਕਿ ਮੈਂ ਉਥੇ ਖੜ੍ਹੀ ਹੋ ਕੇ ਵੱਡੇ ਰਾਗ ਰਾਗਣੀਆਂ ਦੀ ਸਿਫਤ ਵਿਚ ਕੁਝ ਗੀਤ ਗਾਂਵਾਂ। ਮੈਂ ਕੋਸ਼ਿਸ਼ ਕੀਤੀ ਪਰ ਨਾ-ਕਾਮਯਾਬ ਹੀ ਹੋਈ। ਮੈਂ ਉਹ ਧੁੰਨ ਨਾ ਕੱਢ ਸਕੀ। ਮੈਂ ਚੁਪ ਹੋ ਗਈ।

ਰੱਬ ਨੇ ਇਸ਼ਾਰਾ ਕੀਤਾ ਕਿ ਮੈਂ ਸਵਰਗ ਤੋਂ ਬਾਹਰ ਚਲੀ ਜਾਵਾਂ।

ਮੈਂ ਉਸ ਸੂਰਤ (ਯੋਧਾ ਆਦਮੀ) ਨੂੰ ਆਪਣੇ ਕੰਮ ਕਰਦੇ ਝੁਕੇ ਹੋਏ ਨੂੰ ਦੇਖਿਆ ਅਤੇ ਉਹਦੇ ਚੇਹਰੇ ਦੀ ਰੌਸ਼ਨੀ ਉਸ ਦੇ ਕੰਮ ਤੇ ਪੈ ਰਹੀ ਸੀ।

ਮੈਂ ਰੱਬ ਨੂੰ ਕਿਹਾ; ਇਹ ਕੀ ਕਰ ਰਿਹਾ ਹੈ?

ਅਤੇ ਰੱਬ ਬੋਲਿਆ, "ਰਾਗ ਘੜ ਰਿਹਾ ਹੈ"।

ਰੱਬ ਨੇ ਮੇਰੇ ਕੰਨਾਂ ਨੂੰ ਛੂਹਿਆ ਅਤੇ ਮੈਂ ਇਸ ਨੂੰ ਸੁਣਿਆ।

ਬੜੀ ਦੇਰ ਬਾਦ ਮੈਂਰੱਬ ਨੂੰ ਹੌਲੀ ਜਿਹਾ ਕਿਹਾ; ਇਹ ਸਵਰਗ ਹੈ" ਅਤੇ ਰੱਬ ਨੇ ਕਿਹਾ ਮੈਂ ਕਿਉ ਚੀਖ ਰਹੀਂ ਹਾਂ। ਪਰ ਮੈਂ ਖੁਸ਼ ਸੀ ਤੇ ਜੁਆਬ ਨਾ ਦਿੱਤਾ। ਰੱਬ ਨੇ ਫਿਰ ਇਸ਼ਾਰਾ ਕੀਤਾ ਕਿ ਮੈਂ ਸਵਰਗ ਤੋਂ ਬਾਹਰ ਚਲੀ ਜਾਵਾਂ। ਮੈਂ ਰੱਬ ਅਗੇ ਚੀਕੀ," ਉ, ਮੈਨੂੰ ਇਥੇ ਰਹਿਣ ਦਿਓ ! ਮੈਂ ਜਾਣਦੀ ਹਾਂ ਕਿ ਮੈਂ ਇਥੇ ਉਸ ਯੋਧਾ ਸੂਰਤ ਵਾਂਗੂੰ ਗਾ ਨਹੀਂ ਸਕਦੀ ਅਤੇ ਨਾ ਮੈਂ ਤਗੜੀ ਹਾਂ ਕਿ ਰੱਬ ਜੀ ਉਸ ਯੋਧਾ ਸੂਰਤ ਨਾਲ ਮਿਲ ਕੇ ਸਖ਼ਤ ਮਿਹਨਤ ਕਰ ਸਕਾਂ, ਨਾ ਮੇਰੇ ਸ਼ਰੀਰ ਵਿਚੋਂ ਰੌਸ਼ਨੀ ਝੁਰਦੀ ਹੈ ਅਤੇ ਨਾ ਮੈਂ ਬਾਗ਼ ਵਿਚ ਪਿਆਰ ਖਿਲਾਰ ਸਕਣ ਦੀ ਸਮਰਥਾ ਰੱਖਦੀ ਹਾਂ। ਘਟੋ ਘਟ ਮੈਨੂੰ ਸਵਰਗ ਦੇ ਵੱਡੇ ਦਰਵਾਜ਼ਿਆਂ ਵਲ ਜਾਣ ਦਿਓ; ਨਿਮਰਤਾ ਨਾਲ ਮੈਂ ਝਾੜੂ ਫੇਰਿਆ ਕਰਾਂਗੀ ਅਤੇ ਜਦੋਂ ਕੋਈ ਅੰਦਰ ਆਇਆ ਕਰਨਗੇ ਮੈਂ ਉਹਨਾਂ ਦੇ ਚੇਹਰਿਆਂ ਦੀ ਰੌਸ਼ਨੀ ਦੇਖਿਆ ਕਰਾਂਗੀ। ਮੈਂ ਬਾਗ਼ ਵਿਚ ਸੰਗੀਤ ਅਤੇ ਰਾਗ ਸੁਣਿਆ ਕਰਾਂਗੀ ਅਤੇ ਪਹਾੜ ਵਾਲੇ ਪਾਸਿਉਂ ਗੂੰਜ।

ਰੱਬ ਨੇ ਕਿਹਾ, "ਇਹ ਨਹੀਂ ਹੋ ਸਕੇਗਾ" ਅਤੇ ਰੱਬ ਨੇ ਉਹੀ ਇਸ਼ਾਰਾ ਕੀਤਾ ਬਾਹਰ ਜਾਣ ਦਾ।

ਮੈਂ ਰੱਬ ਅਗੇ ਪੁਕਾਰ ਲਗਾਈ, "ਜੇ ਮੈਂ ਸਵਰਗ ਵਿਚ ਨਹੀਂ ਰਹਿ ਸਕਦੀ ਤਾਂ ਮੈਨੂੰ ਨਰਕ ਵਿਚ ਜਾਣ ਦਿਓ। ਮੈਂ ਉਥੇ ਭੈਣਾਂ ਅਤੇ ਭਰਾਵਾਂ ਦੇ ਹੱਥ ਪਕੜ ਕੇ ਅਸੀਂ ਕੋਸ਼ਿਸ਼ ਕਰਾਂਗੇ ਉਪਰ ਵਲ ਜਾਣ ਦਾ ਰਸਤਾ ਬਣਾਉਣ ਦਾ ਤਾਂ ਕਿ ਉਪਰ ਕਦੀ ਸਵਰਗ ਵਿਚ ਪਹੁੰਚ ਸਕੀਏ।

ਪਰ ਰੱਬ ਦਾ ਉਹੀ ਇਸ਼ਾਰਾ ਸੀ।

ਮੈਂ ਥੱਲੇ ਲੇਟ ਗਈ ਤੇ ਰੱਬ ਅਗੇ ਦੁਹਾਈ ਪਾਈ, "ਧਰਤੀ ਤੇ ਬਹੁਤ ਛੋਟੀ ਹੈ ਅਤੇ ਛਲ ਫਰੇਬ ਵਾਲੀ ਹੈ ! ਕੀ ਕੋਈ ਰੂਹ ਜਦੋਂ ਸਵਰਗ ਨੂੰ ਦੇਖ ਲਵੇ ਅਤੇ ਫਿਰ ਕੱਢੀ ਜਾਵੇ, ਇਹ ਠੀਕ ਹੈ !

ਰੱਬ ਨੇ ਕਿਹਾ; ਤੂੰ ਸੁਪਨੇ ਵਿਚ ਸਵਰਗ ਆਈ ਹੈਂ। ਤੂੰ ਖ਼ੁਦ ਉਸ ਯੋਧੇ ਵਾਂਗ ਆਪ ਨਹੀਂ ਸੀ ਆਈ !

ਅਤੇ ਰੱਬ ਨੇ ਮੇਰੇ ਸਿਰ ਤੇ ਹੱਥ ਰਖਿਆ ਅਤੇ ਕਿਹਾ, "ਵਾਪਸ ਧਰਤੀ ਤੇ ਜਾਓ : ਜੋ ਤੂੰ ਲੱਭ ਰਹੀਂ ਹੈ ਉਹ ਧਰਤੀ ਤੇ ਹੈ।

ਮੈਂ ਜਾਗ ਉਠੀ : ਸਵੇਰ ਹੋ ਗਈ ਸੀ। ਰਾਤ ਦੀ ਚੁਪ ਅਤੇ ਹਨੇਰਾ ਖਤਮ ਸੀ। ਮੈਂ ਆਪਣੀ ਛੋਟੀ ਖਿੜਕੀ ਵਿਚੋਂ ਅਗਲੇ ਦਿਨ ਦੀ ਲੋਅ ਦੇਖੀ। ਮੈਂ ਆਪਣੀਆਂ ਅੱਖਾਂ ਬੰਦ ਕਰਕੇ ਦੀਵਾਰ ਵਲ ਗਈ। ਉਦਾਸ ਅਤੇ ਫਿੱਕੀ ਦੁਨੀਆਂ ਨੂੰ ਦੇਖਣਾ ਨਹੀਂ ਸੀ ਚਾਹੁੰਦੀ।

ਮੈਂ ਸੁਣਿਆ ਮੇਰਾ ਦਿਲ ਹੌਲੀ ਧੜਕ ਰਿਹਾ ਸੀ; ਇਹ ਠੰਡਾ ਸੀ। ਸਾਰਾ ਦਿਨ ਪਿਆ ਸੀ। ਮੈਂ ਕੋਸ਼ਿਸ਼ ਕੀਤੀ ਫਿਰ ਹੋਰ ਸੌਣ ਦੀ ਪਰ ਗਲੀ ਵਲੋ ਲੋਕਾਂ ਦੇ ਚਲਣ ਦੀ ਆਵਾਜ਼ ਮੈਂ ਸੁਣੀ। ਉਹ ਉੱਚੀ ਗਾ ਰਹੇ ਸੀ ਕਿ, "ਅਸੀਂ ਲੱਭ ਰਹੇ ਹਾਂ; ਅਸੀਂ ਲੱਭ ਰਹੇ ਹਾਂ; ਅਸੀਂ ਲੱਭ ਰਹੇ ਹਾਂ ! ਸੁੰਦਰਤਾ ! ਸੁੰਦਰਤਾ ! ਸੁੰਦਰਤਾ ! ਅਤੇ ਮੇਰਾ ਦਿਲ ਜੋ ਠੰਡਾ ਸੀ, ਚੀਕ ਉਠਿਆ, "ਪਿਆਰ !—ਸੱਚਾਈ !---ਸੁੰਦਰਤਾ !" ਇਹ ਰਾਗ ਮੈਂ ਸਵਰਗ ਵਿਚ ਸੁਣਿਆ ਸੀ। ਅਤੇ ਮੈਂ ਪੂਰੀ ਉਠ ਪਈ ਸੀ।

ਮੇਰੇ ਘਰ ਦੀ ਛੋਟੀ ਖਿੜਕੀ ਵਿਚੋਂ ਮੇਰੀ ਰਜਾਈ ਉਪਰ ਸ਼ਿਕਾਗੋ ਦੀ ਹਲਕੀ ਪੀਲੀ ਧੁੱਪ ਪੈ ਰਹੀ ਸੀ।

ਮੈਂ ਹੱਸੀ। ਮੈਂ ਉਠੀ।

ਮੈਂ ਖੁਸ਼ ਸੀ ਕਿ ਪੂਰਾ ਦਿਨ ਮੇਰੇ ਸਾਹਮਣੇ ਪਿਆ ਹੈ।

## ਅਪੀਲ

**ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ।**

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030**

**ਫੋਨ ਨੰ.-0172-2657340, E-mail : lobanafoundation@gmail.com**

**ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

# ਬਦਾਮ - ਤਾਕਤਵਰ ਅਤੇ ਸੰਤੁਲਿਤ ਖ਼ੁਰਾਕ



ਹਰ ਸਵੇਰ ਆਪਣੇ ਬੱਚਿਆਂ ਨੂੰ ਤਿਆਰ ਕਰਨਾ, ਉਨ੍ਹਾਂ ਦੇ ਸਕੂਲ ਬੈਗ ਪੈਕ ਕਰਨਾ ਅਤੇ ਉਨ੍ਹਾਂ ਨੂੰ ਉਨ੍ਹਾਂ ਦਾ ਨਾਸ਼ਤਾ ਕਰਵਾਉਣ ਨਾਲ ਕੋਈ ਵੀ ਮਾਂ ਪ੍ਰੇਸ਼ਾਨ ਹੋ ਸਕਦੀ ਹੈ। ਮਨ ਦੀ ਸ਼ਾਂਤੀ ਆਪਣੇ ਬੱਚੇ ਨੂੰ ਦਿਨ ਦੀ ਸਹੀ ਸ਼ੁਰੂਆਤ ਦੇ ਕੇ ਪ੍ਰਾਪਤ ਕੀਤੀ ਜਾ ਸਕਦੀ ਹੈ। ਉਨ੍ਹਾਂ ਦੇ ਦਿਨ ਦੀ ਸਹੀ ਸ਼ੁਰੂਆਤ ਨਾਲ ਤੁਸੀਂ ਉਨ੍ਹਾਂ ਦੇ ਊਰਜਾ ਅਤੇ ਮਜ਼ੇ ਨਾਲ ਭਰਪੂਰ ਦਿਨ ਨੂੰ ਯਕੀਨੀ ਬਣਾ ਸਕਦੇ ਹੋ। ਸਵੇਰ ਸਮੇਂ ਇਕ ਮੁੱਠੀ ਬਦਾਮਾਂ ਨਾਲ ਤੁਸੀਂ ਇਸ ਗੱਲ ਵਲੋਂ ਬੇਫਿਕਰ ਹੋ ਸਕਦੇ ਹੋ ਕਿ ਤੁਹਾਡਾ ਬੱਚਾ ਸਾਰਾ ਦਿਨ ਚੁਣੌਤੀਆਂ ਦਾ ਸਾਹਮਣਾ ਕਰ ਸਕੇਗਾ।

ਹਰ ਸਵੇਰ ਦੀ ਸ਼ੁਰੂਆਤ ਬਦਾਮਾਂ ਨਾਲ ਕਰਨ ਨਾਲ ਤੁਹਾਡੇ ਬੱਚੇ ਦੇ ਦਿਨ ਦਾ ਸਵਾਦ ਵਧੀਆ ਬਣ ਜਾਂਦਾ ਹੈ। ਕਿਉਂਕਿ ਬਦਾਮ ਸਵਾਦ 'ਚ ਕਾਫੀ ਕ੍ਰੰਚੀ ਹੁੰਦੇ ਹਨ, ਇਸ ਲਈ ਇਨ੍ਹਾਂ ਨੂੰ ਆਪਣੇ ਬੱਚਿਆਂ ਦੀ ਸਵੇਰ ਦੀ ਡਾਈਟ 'ਚ ਸ਼ਾਮਲ ਕਰਨਾ ਬਹੁਤ ਵਧੀਆ ਰਹਿੰਦਾ ਹੈ। ਬਦਾਮਾਂ ਦੀ ਵਰਤੋਂ ਸੁੱਕੇ ਰੂਪ 'ਚ, ਰਾਤ ਨੂੰ ਡੁਬੋ ਕੇ ਰੱਖ ਕੇ, ਸਾਬਤ ਰੂਪ 'ਚ, ਟੁਕੜਿਆਂ 'ਚ ਜਾਂ ਸਿਹਤ ਵਧਾਊ ਸ਼ੇਕਸ ਦਾ ਹਿੱਸਾ ਬਣਾ ਕੇ ਕੀਤੀ ਜਾ ਸਕਦੀ ਹੈ। ਬਦਾਮਾਂ ਦੀ ਵਰਤੋਂ ਕਰਨ ਦੇ ਕਈ ਤਰੀਕੇ ਹੋਣ ਨਾਲ ਤੁਸੀਂ ਇਨ੍ਹਾਂ ਨਾਲ ਵੱਖ-ਵੱਖ ਪਕਵਾਨ ਤਿਆਰ ਕਰ ਸਕਦੇ ਹੋ ਅਤੇ ਆਪਣੇ ਬੱਚਿਆਂ ਨੂੰ ਇਕ ਪੌਸ਼ਟਿਕ ਖ਼ੁਰਾਕ ਮੁਹੱਈਆ ਕਰਵਾ ਸਕਦੇ ਹੋ।

ਇਕ ਮਾਂ ਦੇ ਤੌਰ 'ਤੇ ਤੁਸੀਂ ਇਸ ਗੱਲ ਨੂੰ ਯਕੀਨੀ ਬਣਾ ਸਕਦੇ ਹੋ ਕਿ ਤੁਹਾਡੇ ਬੱਚੇ ਜੋ ਵੀ ਖਾਂਦੇ ਹਨ, ਉਸ ਨਾਲ ਉਹ ਵੱਡੇ, ਤਾਕਤਵਰ ਅਤੇ ਤੰਦਰੁਸਤ ਬਣਦੇ ਹਨ। ਬਦਾਮਾਂ 'ਚ ਪ੍ਰੋਟੀਨ ਦੀ ਉੱਚ ਮਾਤਰਾ ਹੁੰਦੀ ਹੈ। ਸਿਰਫ ਮੁੱਠੀ ਕੁ ਬਦਾਮਾਂ ਨਾਲ ਸਾਰਾ ਦਿਨ ਤੁਹਾਡੇ ਬੱਚੇ ਦਾ ਊਰਜਾ ਪੱਧਰ ਬਣਾਈ ਰੱਖਣ 'ਚ ਇਸ ਦੇ ਪ੍ਰੋਟੀਨ ਅਤੇ ਅਨਸੈਚੁਰੇਟਿਡ ਫੈਟਸ ਬਹੁਤ ਸਹਾਇਕ ਹੁੰਦੇ ਹਨ।

ਫਾਈਬਰ, ਜ਼ਰੂਰੀ ਖਣਿਜਾਂ, ਵਿਟਾਮਿਨ-ਈ ਅਤੇ ਕੈਲਸ਼ੀਅਮ ਭਰਪੂਰ ਬਦਾਮ ਤੁਹਾਡੇ ਬੱਚੇ ਦੇ ਦਿਨ ਦੀ ਸ਼ੁਰੂਆਤ ਨੂੰ ਬਹੁਤ ਹੀ ਸ਼ਾਨਦਾਨ ਬਣਾਉਂਦੇ ਹਨ ਅਤੇ ਸਾਰਾ ਦਿਨ ਉਨ੍ਹਾਂ ਦੇ ਚਿਹਰੇ 'ਤੇ ਇਕ ਮੁਸਕਰਾਹਟ ਖਿੜੀ ਰਹਿੰਦੀ ਹੈ।

## ਬੇਨਤੀ

ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

**ਸੰਪਾਦਕ ਸੁਰਿੰਦਰ ਸਿੰਘ ਰੂਬੀ,**
**M.: 98141-28181**
**Email: ruby.surinder57@gmail.com,**

# ਕਾਵਿ-ਕਿਆਰੀ


## ਪੰਜ ਪਿਆਰਿਆਂ ਦੀ ਸਾਜਨਾ

ਅਕਾਲ ਪੁਰਖ ਦੇ ਹੁਕਮ ਨੂੰ ਸਾਕਾਰ ਹੈ ਕਰਨਾ।
ਪੰਥ ਖਾਲਸਾ ਸਾਜਣ ਤੋਂ ਬਗੈਰ ਨਾ ਸਰਨਾ।
ਜ਼ਾਲਮ ਤੋਂ ਮਜ਼ਲੂਮ ਨੂੰ ਦਸਮੇਸ਼ ਬਚਾਇਆ।
ਛਕਾ ਕੇ ਅੰਮ੍ਰਿਤ ਗਿੱਦੜਾਂ ਤੋਂ ਸ਼ੇਰ ਬਣਾਇਆ।
ਮੁਗ਼ਲ ਰਾਜ ਦੇ ਜਾਬਰ ਸੀ ਮਨਮਾਨੀਆਂ ਕਰਦੇ।
ਲੋਕ ਨਾ ਫਿਰ ਵੀ ਬੋਲਦੇ ਲੱਖ ਦੁੱਖੜੇ ਜ਼ਰਦੇ।
ਸ਼ਰਮ, ਧਰਮ ਨਾ ਇੱਜ਼ਤਾਂ ਸਭ ਖੇਹ ਰਲਾਇਆ।
ਛਕਾ ਕੇ ਅੰਮ੍ਰਿਤ ਗਿੱਦੜਾਂ ਤੋਂ ਸ਼ੇਰ ਬਣਾਇਆ।
ਸੋਲ੍ਹਾਂ ਸੌ ਨੜਿੰਨਵੇਂ ਦੀ ਵੈਸਾਖੀ ਆਈ।
ਲਿੱਖ ਲਿੱਖ ਪੱਤ੍ਰਿਕਾਵਾਂ ਪਾਈਆਂ ਸਭ ਆਓ ਭਾਈ!
ਅਨੰਦ ਪੁਰੀ ਵਿਚ ਸੰਗਤਾਂ ਦਾ ਹੜ੍ਹ ਸੀ ਆਇਆ।
ਛਕਾ ਕੇ ਅੰਮ੍ਰਿਤ ਗਿੱਦੜਾਂ ਤੋਂ ਸ਼ੇਰ ਬਣਾਇਆ।
ਕਲਗੀਧਰ ਜੀ ਸ੍ਰੀ ਸਾਹਿਬ ਹੱਥ ਨੰਗੀ ਫੜ ਕੇ।
ਇਕ ਸੀਸ ਹੈ ਚਾਹੀਦਾ ਸਤਿਗੁਰੂ ਜੀ ਕੜਕੇ।
ਸਭ ਤੋਂ ਪਹਿਲਾਂ ਦਇਆ ਰਾਮ ਨੇ ਸੀਸ ਝੁਕਾਇਆ।
ਛਕਾ ਕੇ ਅੰਮ੍ਰਿਤ ਗਿੱਦੜਾਂ ਤੋਂ ਸ਼ੇਰ ਬਣਾਇਆ।
ਦਇਆ ਤੋਂ ਮਗਰੋਂ ਧਰਮ ਨੇ ਆ ਧੌਣ ਝੁਕਾਈ।
ਤੈਨੂੰ ਆਪਾ ਅਰਪਿਆ ਕਰ ਲਓ ਮਨ ਆਈ।
ਸੀਸ ਭੇਟ ਕਰ ਧਰਮ ਦਾਸ ਅੱਜ ਲੇਖੇ ਲਾਇਆ।
ਛਕਾ ਕੇ ਅੰਮ੍ਰਿਤ ਗਿੱਦੜਾਂ ਤੋਂ ਸ਼ੇਰ ਬਣਾਇਆ।
ਦਇਆ ਧਰਮ ਤੋਂ ਬਾਅਦ ਹੁਣ ਹਿੰਮਤ ਦੀ ਵਾਰੀ।
ਸੀਸ ਕਰੋ ਪ੍ਰਵਾਨ ਮੈਂ ਜਾਵਾਂ ਬਲਿਹਾਰੀ।
ਇਉਂ ਸੂਰਮੇ ਆਪਣਾ ਸਿਰ ਭੇਟ ਚੜ੍ਹਾਇਆ।
ਛਕਾਕੇ ਅੰਮ੍ਰਿਤ ਗਿੱਦੜਾਂ ਤੋਂ ਸ਼ੇਰ ਬਣਾਇਆ।
ਦਇਆ, ਧਰਮ ਤੇ ਹਿੰਮਤ ਨੇ ਕੀ ਰੰਗ ਲਿਆਂਦੇ।
ਮੁਹਕਮ ਚੰਦ ਵੀ ਗੁਰਾਂ ਨੂੰ ਆ ਸੀਸ ਝੁਕਾਂਦੇ।
ਤੇਰਾ ਤੈਨੂੰ ਸੌਂਪਿਆ, ਨਾ ਰਿਹਾ ਪਰਾਇਆ।
ਛਕਾ ਕੇ ਅੰਮ੍ਰਿਤ ਗਿੱਦੜਾਂ ਤੋਂ ਸ਼ੇਰ ਬਣਾਇਆ।
ਦਇਆ, ਧਰਮ ਤੇ ਹਿੰਮਤ ਨੇ ਵਿਚ ਹੁਕਮ ਰਲਾ ਕੇ,
ਸਾਹਿਬ ਚੰਦ ਵੀ ਖੜ੍ਹ ਗਿਆ ਸਤਿਗੁਰ ਕੋਲ ਆ ਕੇ।
ਸੀਸ ਵਾਰ ਕੇ ਗੁਰਾਂ ਨੂੰ ਲੱਖ ਸ਼ੁਕਰ ਮਨਾਇਆ।
ਛਕਾ ਕੇ ਅੰਮ੍ਰਿਤ ਗਿੱਦੜਾਂ ਤੋਂ ਸ਼ੇਰ ਬਣਾਇਆ।
ਖੱਤਰੀ, ਛੀਂਬਾ, ਨਾਈ, ਝਿਉਰ ਤੇ ਜੱਟ ਰਲਾ ਕੇ।
ਇਕ ਬਣਾਇਆ ਖਾਲਸਾ, ਸਭ ਭੇਦ ਮਿਟਾ ਕੇ।
ਦਿੱਲੀ, ਬਿਦਰ, ਦਵਾਰਕਾ, ਲਾਹੌਰ ਮਿਲਾਇਆ।
ਛਕਾ ਕੇ ਅੰਮ੍ਰਿਤ ਗਿੱਦੜਾਂ ਤੋਂ ਸ਼ੇਰ ਬਣਾਇਆ।
ਅੰਮ੍ਰਿਤ ਛਕਾ ਕੇ ਸਿੰਘਾਂ ਨੂੰ, ਜਦ ਬਾਹਰ ਲਿਆਏ।
'ਖਾਲਸਾ ਮੇਰੋ ਰੂਪ ਹੈ' ਸਤਿਗੁਰ ਫ਼ਰਮਾਏ।
ਸਵਾ ਲੱਖ ਨਾਲ 'ਜਾਚਕਾ', ਇੱਕ ਸਿੰਘ ਲੜਾਇਆ।
ਛਕਾ ਕੇ ਅੰਮ੍ਰਿਤ ਗਿੱਦੜਾਂ ਤੋਂ ਸ਼ੇਰ ਬਣਾਇਆ।

**ਮਾਸਟਰ ਸੁਖਦੇਵ ਸਿੰਘ**

*****

## 'ਮਾਡਰਨ ਪੰਜਾਬੀ ਮਾਵਾਂ ਤੋਂ ਪੰਜਾਬੀ ਕਿਵੇਂ ਬਚਾਵਾਂ'



ਮਾਂ-ਬੋਲੀ ਪੰਜਾਬੀ ਦੀ, ਇਹ ਮੌਲਿਕ ਕਾਰਗੁਜ਼ਾਰੀ ਹੈ।
ਜੋ ਬੋਲੋ ਲਿਖੋ, ਲਿਖੋ ਸੋ ਬੋਲੋ; ਸਿਧਾਂਤ ਅਨੁਸਾਰੀ ਹੈ।

ਅੱਖਰ ਦੇ ਅੱਖਰ ਚੁਣ ਕੱਢੇ, ਕੁਝ ਕੱਟੇ-ਵੱਢੇ ਕੁਝ ਛੱਡੇ,
ਮਾਂ-ਬੋਲੀ ਬੱਚਿਆਂ ਲਈ, ਮਾਵਾਂ ਵੀ ਖ਼ੂਬ ਸੁਆਰੀ ਹੈ।

ਬਿਨਾਂ ਤਿਆਰੀ ਵੀ ਬੋਲਣ ਲਈ, ਇਹਦੀ ਗਤੀ ਆਬਸ਼ਾਰੀ ਹੈ,
ਤਾਂਹੀਓਂ ਤਾਂ ਇਹ ਮਾਂ-ਬੋਲੀ, ਨਿਰਮਲ ਅਤੇ ਨਿਆਰੀ ਹੈ।

ਮਾਂ-ਬੋਲੀ ਮਾਂ ਵਾਂਗੂੰ ਹੀ, ਬੇਹੱਦ ਸਰਲ ਪਿਆਰੀ ਹੈ,
ਮਾਂ ਸਦਕਾ ਸੰਸਾਰ ਵਿਚ, ਬਣੀ ਇਸਦੀ ਸਰਦਾਰੀ ਹੈ।

ਦਿਲ ਦੀਆਂ ਗਹਿਰਾਈਆਂ ਦੀ ਹਾਥ; ਟਟੋਲਨ ਲਈ,
ਸਾਂਝ-ਭਿਆਲੀ, ਪ੍ਰਥਾਏ ਦੁੱਖ-ਸੁੱਖ ਫੋਲਣ ਲਈ।

ਪੰਜਆਬੀ ਮਾਂ ਬੱਚੇ ਨੂੰ, ਮਾਂ-ਬੋਲੀ ਪੰਜਾਬੀ ਵਿਚ,
ਤਾਕ ਮੁਸ਼ਤਾਕ ਬੇਬਾਕ ਕਰਨ ਲਈ, ਕਰਵਾਉਂਦੀ ਤਿਆਰੀ ਹੈ।

ਏਸੇ ਲਈ ਮਾਂ-ਬੋਲੀ ਵਿਚ, ਅਣਗੌਲੀ ਗੱਲ ਵੀ,
ਹਾਜ਼ਰੀਨ! ਆਸਾਨੀ ਨਾਲ ਸਮਝ ਲੈਂਦੀ ਸਾਰੀ ਹੈ।

ਮਾਂ-ਬੋਲੀ ਦੀ ਤਹਿ ਦਰ ਤਹਿ ਸ਼ਬਦਾਵਲੀ ਅਰਥਾਵਲੀ,
ਮਨਭਾਉਂਦੀ ਬਾਤ ਪਾਉਂਦੀ, ਇਕ ਬਹੁਰੰਗੀ ਫੁਲਕਾਰੀ ਹੈ।

ਅਖੌਤੀ ਮਾਡਰਨ ਮਾਵਾਂ ਨੂੰ, ਸੱਥਾਂ ਨੂੰ ਸੰਸਥਾਵਾਂ ਨੂੰ,
ਨਿਮਰਤਾ ਪੂਰਵਕ ਹੱਥ ਬੰਨ੍ਹ, ਵਾਰਿਸ ਬਣ ਗੁਜ਼ਾਰਿਸ਼ ਕਰੀਏ।

ਆਪਣੇ ਨੰਨ੍ਹੇ-ਮੁੰਨੇ ਹੋਰ ਵੀ ਕਿੰਨੇ, ਹੋਣਹਾਰ ਜਾਇਆਂ ਨੂੰ,
ਪੰਜਾਬ ਦੀ ਮਾਂ-ਬੋਲੀ ਪੰਜਾਬੀ, ਬੋਲਣ ਤੋਂ ਹਟਾਇਆਂ ਨੂੰ।

ਘਰ ਫੂਕ ਤਮਾਸ਼ਾ ਵੇਖਣ ਲਈ, ਹੁਣ ਹੋਰ ਨਾ ਪਾਉ ਵਖਾਲਾ,
ਸਗੋਂ ਮਾਂ-ਬੋਲੀ ਨਾਲ ਜੋੜਨ ਲਈ, ਕਰੋ ਨਵਾਂ ਉੱਦਮ ਉਪਰਾਲਾ।

ਮਾਂ-ਬੋਲੀ ਕੀ ਹੁੰਦੀ ਹੈ, ਇਹਦਾ ਮੂਲ-ਮੁੱਦਾ ਜਾਨਣ ਲਈ,
ਵਿਦੇਸ਼ੀਂ ਗਈ ਆਲ-ਉਲਾਦ ਦਾ, ਸਰਦਾ ਬਣਦਾ ਸੁੱਖ ਮਾਨਣ ਲਈ।

ਹਮਜ਼ਾਤੋਵ ਦਾ 'ਮੇਰਾ ਦਾਗਿਸਤਾਨ', ਬਾਖ਼ੂਬੀ ਪੜ੍ਹ ਲਉ,
ਮਾਂ-ਬੋਲੀ ਦਾ ਮੰਤਵ ਮਹੱਤਵ, ਦਿਲ-ਦਰਪਣ ਵਿਚ ਜੜ ਲਉ।

ਦਾਗਿਸਤਾਨੀ ਮਾਵਾਂ ਦੀ, ਸੂਖ਼ਮ ਸੁਚੱਜੀ ਸੰਗਤ ਵਿਚ ਰਹਿ ਕੇ,
ਮਾਂ-ਬੋਲੀ ਦਾ ਦਰਦ ਵੰਡਾਉ, ਸੋਗਵੇਂ ਸੱਥਰ ਤੇ ਬਹਿ ਕੇ।

ਇਹ ਸਾਊ ਸੁਆਣੀਆਂ, ਵੇਦਨਾਮਈ ਜੀਅ ਭਿਆਣੀਆਂ,
ਮਾਂ-ਬੋਲੀ ਤੋਂ ਅਵੇਸਲਿਆਂ ਲਈ, ਦਿਨ-ਰੈਣ ਵੈਣ ਪਾਉਂਦੀਆਂ ਹਨ।

ਜੇ ਕੋਈ ਪੁੱਛੇ ਇਹ ਕੀ ਹੋਇਆ, ਕੌਣ ਹੈ ਮੋਇਆ?
ਸਾਡਾ ਸੱਕਾ ਜੀਉਂਦਾ ਮੋਇਆ, ਫ਼ਾਵੀਆਂ ਹੋਈਆਂ ਕਹਿੰਦੀਆਂ ਹਨ।

ਇਹ ਦਾਗਿਸਤਾਨੀ ਮਾਵਾਂ ਦੀ ਮਾਂ-ਬੋਲੀ ਪ੍ਰਤਿ, ਪ੍ਰਤਿਬਧਤਾ ਹੈ,
ਪਰ ਬਹੁਤੀਆਂ, ਪੰਜਾਬੀ ਮਾਡਰਨ ਮਾਵਾਂ ਕੋਲ, ਨਫ਼ਰਤ ਤੇ ਨਖਿਧਤਾ ਹੈ।

ਜੋ ਨਾ ਖ਼ੁਦ ਪੰਜਾਬੀ ਬੋਲਣ, ਨਾ ਬੱਚਿਆਂ ਨੂੰ ਬੋਲਣ ਦੇਣ,
ਪੰਜਾਬੀ ਵਿਚ ਗੱਲਬਾਤ ਘਟਨ ਦਾ, ਇਹੋ ਹੈ ਕਾਰਣ ਮੇਨ।

ਇਸ ਮੱਧਮ ਹੋ ਰਹੀ ਚਾਹਤ ਨਾਲ, ਸਿਰ ਫੜ ਇਉਂ ਬਹਿ ਜਾਵਾਂ,
ਫੌੜਾ ਫੜ ਜਿਉਂ ਤੋੜ ਰਿਹੈ, ਕੋਈ ਮੇਰੇ ਗੋਡੇ ਗਿੱਟੇ ਬਾਹਵਾਂ।

ਵਾਸਤਾ ਜੇ ! ਕੁਝ ਬੋਲੋ ਦੱਸੋ, ਕੁਝ ਦਿਉ ਸਾਰਥਕ ਸਲਾਹਾਂ,
ਮਾਡਰਨ ਪੰਜਾਬੀ ਮਾਵਾਂ ਤੋਂ, ਪੰਜਾਬੀ ਪੰਜਾਬੀਅਤ ਕਿਵੇਂ ਬਚਾਵਾਂ?


**ਪ੍ਰੋ. ਪ੍ਰੀਤਮ ਸਿੰਘ ਸਰਗੋਧੀਆ**
**ਪੀ.ਈ.ਐਸ.-1,**
**ਸੇਵਾ ਮੁਕਤ ਕਾਲਜ ਪ੍ਰਿੰਸੀਪਲ,**
**ਮੋ. 98153-03206**


*****

## ਫਟਕਾਰ

ਜੋ ਤੂੰ ਸਾਡੇ ਨਾਲ ਕੀਤਾ ਸੰਸਕਾਰ ਗੰਗੂਆ,
ਤੈਨੂੰ ਪੈਣੀ ਲੋਕਾਂ ਵਲੋਂ ਫਟਕਾਰ ਗੰਗੂਆ।

ਗੁਰੂ ਘਰ ਵਿਚ ਰਹਿਕੇ ਕਿੰਨਾ ਨਾਮ ਸੀ ਕਮਾਇਆ,
ਚੰਦ ਛਿੱਲੜਾਂ ਦੀ ਖਾਤਰ ਤੂੰ ਇਮਾਨ ਗਵਾਇਆ,
ਨਾ ਇਹ ਛਿੱਲੜ ਹੀ ਰਹਿਣੇ ਨਾ ਘਰਬਾਰ ਗੰਗੂਆ...।
ਤੈਨੂੰ ਪੈਣੀ ਲੋਕਾਂ ਵਲੋਂ ਫਟਕਾਰ ਗੰਗੂਆ।

ਬੜੇ ਪਿਆਰ ਨਾਲ ਮਾਤਾ ਗੁਜ਼ਰੀ ਨੇ ਬੁਲਾਇਆ,
ਅਸਾਂ ਤੇਰੇ ਉਤੇ ਗੂੜਾ ਵਿਸ਼ਵਾਸ ਸੀ ਜਤਾਇਆ,
ਤੂੰ ਹੋਇਉ ਲੂਣ ਹਰਾਮੀ ਗੁਨਾਹਗਾਰ ਗੰਗੂਆ.....
ਤੈਨੂੰ ਪੈਣੀ ਲੋਕਾਂ ਵਲੋਂ ਫਟਕਾਰ ਗੰਗੂਆ।


ਜ਼ੋਰਾਵਰ ਫਤਿਹ ਸਿੰਘ ਮੈਨੂੰ ਜਾਨ ਤੋਂ ਪਿਆਰੇ,
ਜਿੰਦਾਂ ਛੋਟੀਆਂ ਸੀ ਭਾਵੇਂ ਕੋਲ ਵੱਡੇ ਸੀ ਜੈਕਾਰੇ ,
ਮਾਰੀ ਵਿਚ ਜਾ ਕਚਹਿਰੀ ਲਲਕਾਰ ਗੰਗੂਆ......
ਤੈਨੂੰ ਪੈਣੀ ਲੋਕਾਂ ਵਲੋਂ ਫਟਕਾਰ ਗੰਗੂਆ।

ਪਿੰਡ ਉਹਦਾ ਸੀ ਸਹੇੜੀ ਜਿੱਥੇ ਦਾ ਸੀ ਰਹਿਣਵਾਲਾ,
ਉਹਦੀ ਮਾੜੀ ਕਰਤੂਤ ਕਰਾਇਆ ਪਿੰਡ ਦਾ ਮੂੰਹ ਕਾਲਾ,
ਚਾਦਰ ਜ਼ਿੰਦਗੀ ਦੀ ਹੋ ਗਈ ਦਾਗਦਾਰ ਗੰਗੂਆ.........
ਤੈਨੂੰ ਪੈਣੀ ਲੋਕਾਂ ਵਲੋਂ ਫਟਕਾਰ ਗੰਗੂਆ।

ਅੱਖਾਂ ਚ ਗੁਲੇਲੇ ਮਾਰੇ, ਨਾਲ ਰੱਸੀਆਂ ਦੇ ਬੰਨ ਤੇ,
ਲਾਲ ਦਸ਼ਮੇਸ ਦੇ ਸੀ, ਈਨ ਕਿਵੇਂ ਮੰਨਦੇ,
ਦਿੱਤੇ ਲਾਲਚਾਂ ਤੋਂ ਕੀਤਾ ਇਨਕਾਰ ਗੰਗੂਆ.........
ਤੈਨੂੰ ਪੈਣੀ ਲੋਕਾਂ ਵਲੋਂ ਫਟਕਾਰ ਗੰਗੂਆ।

ਦੀਵਾਰ ਦੀਆਂ ਇੱਟਾਂ 'ਚ ਵੀ ਨਾ ਰਿਹਾ ਸਾਹ ਸੱਤ ਸੀ,
ਜਲਾਦਾਂ ਕਰ ਦਿੱਤੇ ਸੀਸ, ਧੜ੍ਹ ਨਾਲੋਂ ਵੱਖ ਸੀ,
ਸੱਚਖੰਡ ਵਿਖੇ ਹੋਈ ਜੈ ਜੈ ਕਾਰ ਗੰਗੂਆ.........
ਤੈਨੂੰ ਪੈਣੀ ਲੋਕਾਂ ਵਲੋਂ ਫਟਕਾਰ ਗੰਗੂਆ।

ਸੰਨਾਟਾ ਜਿਹਾ ਇੱਕਦਮ, ਕਚਹਿਰੀ ਵਿਚ ਛਾ ਗਿਆ,
ਲਗਦਾ ਦਾ ਸੀ ਜੋੜਾ ਜਿਵੇਂ ਦਾਦੇ ਕੋਲ ਆ ਗਿਆ,
ਦਮ ਦਾਦੀ ਨੇ ਵੀ ਦਿੱਤਾ ਸੀ ਵਿਸਾਰ ਗੰਗੂਆ.........
ਤੈਨੂੰ ਪੈਣੀ ਲੋਕਾਂ ਵਲੋਂ ਫਟਕਾਰ ਗੰਗੂਆ।




**ਮਹਿੰਦਰ ਸਿੰਘ ਨੂਰਪੁਰੀ**
**81466-52123**


**ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ**
**ਕੱਖਾਂ ਵਾਂਗੂ ਰੁੱਲ ਜਾਵੋਗੇ**

ਸਿਹਤ ਸੰਭਾਲ

# ਗਰਦਨ ਦੇ ਦਰਦ ਨੂੰ ਹਲਕੇ ਵਿਚ ਨਾ ਲਓ



ਆਮ ਤੌਰ 'ਤੇ ਅਸੀਂ ਸਿਰ ਅਤੇ ਪੇਟ ਵਿਚ ਦਰਦ ਹੁੰਦੇ ਹੀ ਉਸ ਦੇ ਉਪਾਅ ਲੱਭਣੇ ਸ਼ੁਰੂ ਕਰ ਦਿੰਦੇ ਹਾਂ, ਜਦੋਂ ਕਿ ਗਰਦਨ ਦੇ ਦਰਦ ਨੂੰ ਮਾਮੂਲੀ ਸਮਝ ਕੇ ਜਾਂ ਠੀਕ ਹੋ ਜਾਵੇਗਾ ਕਰਕੇ ਉਸ ਨੂੰ ਅਣਦੇਖਾ ਕਰ ਦਿੰਦੇ ਹਾਂ। ਜੇਕਰ ਤੁਸੀਂ ਵੀ ਇਸ ਤਰ੍ਹਾਂ ਸੋਚਦੇ ਹੋ ਤਾਂ ਆਪਣੀ ਸੋਚ ਨੂੰ ਝੱਟ ਬਦਲ ਦਿਓ ਨਹੀਂ ਤਾਂ ਇਹ ਨਾ ਹੋਵੇ ਕਿ ਮਾਮੂਲੀ ਗਰਦਨ ਦਾ ਦਰਦ ਕਿਸੇ ਵੱਡੀ ਬਿਮਾਰੀ ਦਾ ਕਾਰਨ ਬਣ ਜਾਵੇ।

ਗਰਦਨ ਸਰੀਰ ਦਾ ਉਹ ਹਿੱਸਾ ਹੈ, ਜੋ ਸਭ ਤੋਂ ਜ਼ਿਆਦਾ ਮਹੱਤਵਪੂਰਨ ਹੈ। ਗਰਦਨ ਦੀ ਘੁਮਾਅਦਾਰ ਮਾਸਪੇਸ਼ੀਆਂ ਦਾ ਜੁੜਾਵ ਦਿਮਾਗ ਨਾਲ ਹੁੰਦਾ ਹੈ। ਗਰਦਨ ਅਤੇ ਸਿਰ ਦੇ ਆਪਸ ਵਿਚ ਇਸ ਡੂੰਘੇ ਜੋੜ ਦੇ ਕਾਰਨ ਹੀ ਤੁਸੀਂ ਇਸ ਦਰਦ ਨੂੰ ਮਾਮੂਲੀ ਨਹੀਂ ਸਮਝ ਸਕਦੇ। ਠੀਕ ਸਮੇਂ 'ਤੇ ਦਰਦ ਦਾ ਇਲਾਜ ਕਰਨ ਨਾਲ ਤੁਸੀਂ ਅਕਾਰਨ ਹੋਣ ਵਾਲੇ ਦਰਦ ਤੋਂ ਛੁਟਕਾਰਾ ਪਾ ਸਕਦੇ ਹੋ। ਆਓ ਜਾਣੀਏ ਕੁਝ ਇਸ ਤਰ੍ਹਾਂ ਦੀਆਂ ਗੱਲਾਂ :-

* ਜੇਕਰ ਤੁਹਾਡੀ ਗਰਦਨ ਵਿਚ ਦਰਦ ਰਹਿੰਦਾ ਹੋਵੇ ਤਾਂ ਸਭ ਤੋਂ ਪਹਿਲਾਂ ਤਾਂ ਦਰਦ ਦਾ ਕਾਰਨ ਜਾਣਨ ਦੀ ਕੋਸ਼ਿਸ਼ ਕਰੋ। ਬਿਨਾਂ ਕਾਰਨ ਜਾਣੇ ਹੱਲ ਦੀ ਕੋਸ਼ਿਸ਼ ਨਾ ਕਰੋ।

* ਭੁੱਲ ਕੇ ਵੀ ਡਾਕਟਰ ਦੀ ਸਲਾਹ ਤੋਂ ਬਿਨਾਂ ਬਾਜ਼ਾਰ ਵਿਚ ਉਪਲਬੱਧ ਦਰਦ ਨਿਵਾਰਕ ਗੋਲੀਆਂ ਦਾ ਸੇਵਨ ਨਾ ਕਰੋ। ਉਹ ਗੋਲੀਆਂ ਤੁਹਾਨੂੰ ਥੋੜ੍ਹੇ ਸਮੇਂ ਲਈ ਰਾਹਤ ਦਿੰਦੀਆਂ ਹਨ ਬਾਅਦ ਵਿਚ ਗੋਲੀ ਦਾ ਅਸਰ ਖ਼ਤਮ ਹੁੰਦੇ ਹੀ ਦਰਦ ਫਿਰ ਤੋਂ ਸ਼ੁਰੂ ਹੋ ਸਕਦਾ ਹੈ, ਕਿਉਂਕਿ ਆਮ ਤੌਰ 'ਤੇ ਇਹ ਗੋਲੀਆਂ ਦਰਦ ਖ਼ਤਮ ਨਹੀਂ ਕਰਦੀਆਂ, ਬਲਕਿ ਮਨੁੱਖੀ ਦਿਮਾਗ ਦੀਆਂ ਇੰਦਰੀਆਂ ਕੁਝ ਸਮੇਂ ਲਈ ਸ਼ਿਥਲ ਕਰ ਦਿੰਦੀਆਂ ਹਨ।

* ਗਰਦਨ ਦੇ ਦਰਦ ਹੋਣ ਦਾ ਸਭ ਤੋਂ ਪਹਿਲਾ ਕਾਰਨ ਹੈ ਗ਼ਲਤ ਸਥਿਤੀ ਵਿਚ ਬੈਠਣਾ। ਅਸੀਂ ਜੇਕਰ ਆਪਣੇ ਬੈਠਣ ਦੇ ਅੰਦਾਜ਼ ਨੂੰ ਦੇਖੀਏ ਤਾਂ ਅਸੀਂ ਪਾਵਾਂਗੇ ਕਿ ਗਰਦਨ ਵਿਚ ਹੋਣ ਵਾਲੇ ਦਰਦ ਦੇ ਲਈ ਅਸੀਂ ਖ਼ੁਦ ਜ਼ਿੰਮੇਵਾਰ ਹਾਂ। ਜੇਕਰ ਤੁਸੀਂ ਜ਼ਿਆਦਾਤਰ ਦੇਰ ਤੱਕ ਬੈਠਣ ਵਾਲਾ ਕੰਮ ਕਰਦੇ ਹੋ ਤਾਂ ਹਰੇਕ ਘੰਟੇ 'ਤੇ ਆਪਣੀ ਬੈਠਣ ਦੀ ਹਾਲਤ ਬਦਲੋ। ਕੋਈ ਵੀ ਕੰਮ ਜ਼ਿਆਦਾ ਝੁਕ ਕੇ ਨਾ ਕਰੋ। ਲਗਾਤਾਰ ਝੁਕੇ ਰਹਿਣ ਨਾਲ ਕਦੀ-ਕਦੀ ਗਰਦਨ ਆਕੜ ਜਾਂਦੀ ਹੈ।

* ਜੇਕਰ ਤੁਹਾਨੂੰ ਕਿਤਾਬਾਂ ਪੜ੍ਹਨ ਦਾ ਸ਼ੌਕ ਹੈ ਤਾਂ ਗ਼ਲਤੀ ਨਾਲ ਇਸ ਸ਼ੌਕ ਨੂੰ ਆਪਣੇ ਸੌਣ ਵਾਲੇ ਬਿਸਤਰ 'ਤੇ ਨਾ ਲਿਆਓ। ਕਈ ਵਾਰ ਲੋਕ ਥੱਕੇ ਹੋਣ ਦੇ ਕਾਰਨ ਲੰਮੇ ਪਏ ਹੀ ਕਿਤਾਬ ਪੜ੍ਹਨਾ ਸ਼ੁਰੂ ਕਰ ਦਿੰਦੇ ਹਨ। ਇਸ ਤਰ੍ਹਾਂ ਨਾ ਕਰੋ, ਕਿਉਂਕਿ ਇਸ ਨਾਲ ਤੁਹਾਡੀ ਗਰਦਨ ਦੇ ਨਾਲ-ਨਾਲ ਤੁਹਾਡੀਆਂ ਅੱਖਾਂ 'ਤੇ ਵੀ ਜ਼ੋਰ ਪਵੇਗਾ। ਲੰਮੇ ਪੈ ਕੇ ਕਿਤਾਬ ਪੜ੍ਹਨ ਨਾਲ ਰੀੜ ਦੀ ਹੱਡੀ 'ਤੇ ਵੀ ਅਸਰ ਪੈ ਸਕਦਾ ਹੈ।

* ਸਭ ਤੋਂ ਆਖਰੀ ਅਤੇ ਜ਼ਰੂਰੀ ਗੱਲ ਇਹ ਹੈ ਕਿ ਜੇਕਰ ਤੁਸੀਂ ਸੌਣ ਲਈ ਮੋਟੇ ਸਿਰਹਾਣੇ ਦੀ ਵਰਤੋਂ ਕਰਦੇ ਹੋ ਤਾਂ ਇਸ ਨਾਲ ਸਰਵਾਈਕਲ ਹੋਣ ਦਾ ਖ਼ਤਰਾ ਹੁੰਦਾ ਹੈ। ਸਿਰ ਦੇ ਹੇਠਾਂ ਬਹੁਤ ਹੀ ਮੁਲਾਇਮ ਸਿਰਹਾਣਾ ਲਗਾਉਣਾ ਠੀਕ ਹੁੰਦਾ ਹੈ। ਖਾਸ ਤੌਰ 'ਤੇ ਜੇਕਰ ਤੁਸੀਂ ਗਰਦਨ ਦੇ ਦਰਦ ਤੋਂ ਗ੍ਰਸਤ ਹੋ।

ਉਕਤ ਉਪਾਵਾਂ ਨੂੰ ਅਪਣਾ ਕੇ ਤੁਸੀਂ ਕਾਫੀ ਹੱਦ ਤੱਕ ਆਪਣੀ ਸਮੱਸਿਆ ਤੋਂ ਛੁਟਕਾਰਾ ਪਾ ਸਕਦੇ ਹੋ। ਜੇਕਰ ਤੁਸੀਂ ਸਹੀ ਸਮੇਂ 'ਤੇ ਇਸ ਦਰਦ ਦਾ ਇਲਾਜ ਨਹੀਂ ਕੀਤਾ ਤਾਂ ਇਹ ਮਾਮੂਲੀ ਦਰਦ ਕਾਫੀ ਨੁਕਸਾਨਦਾਇਕ ਹੋ ਸਕਦਾ ਹੈ ਅਤੇ ਜੇਕਰ ਤੁਸੀਂ ਆਪਣੀ ਪਿੱਠ ਅਤੇ ਮੁਦਰਾ ਨੂੰ ਸਹੀ ਰੱਖੋਗੇ ਤਾਂ ਹੋ ਸਕਦਾ ਹੈ ਕਿ ਤੁਸੀਂ ਆਪਣੀ ਸਮੱਸਿਆ ਦਾ ਖ਼ੁਦ ਹੀ ਹੱਲ ਕਰ ਲਓ।

ਤਰੁੰਨਮ

# ਘੁਰੁ ੳਨਗਅਦ ਧੲਵ ਝੀ

Bhai Lehna Ji was born in the village named Harike in Ferozepur district in Punjab in 1504. This time his Parkash Utsav were celebrated on 27-04-2017 as per Nanak Shahi Calander. Lehna Ji was the son of a sucessful trader named Bhai Pheru Mall, usually referred to as Bhai Pheru. His mother's name was Mata Ramo Ji, Baba Narayan Das Trehan was his grand father, whose ancestral house was at matte-di-sarai near Mukatsar.

He (Bhai Lehna Ji) was under the influence of his mother (Mata Ramo Ji). He began to workship Durga (A hindu mythological Goddess). He used to lead a batch of worshippers to Jawalamukhi Temple every year. He was married to Mata Khivi Ji in Jan. 1520 and had two sons (Bhai Dasu and Bhai Datu) and two daughters (Bibi Amro and Bibi Anokhi). The whole family of Bhai Pheru had to leave their ancestral village because of the ransacking by the Mughal and baloch militia who had come with Babur. After this, the family settelled at village Khadur Sahib, because of the Beas River, near Taran Taran Sahib (A small Town about 25 km. away from Amritsar city).



Once Bhai Lehna Ji heard the recitation of a hymn of Guru Nanak Sahib from Bhai Jodha, (a sikh of Guru Nanak Dev Ji) he was thrilled and decided of proceed through kartarpur to have a glimpse of Guru Nanak Dev Ji at the time of yearly pilgrimage to Jwalamukhi Temple. His very first meeting with Guru Nanak Dev Ji completely transformed him. He renounced the worship of Hindu Goddess, dedicated himself to the service of Guru Nanak Dev Ji and became his sikh (disciple) and began to live at kartarpur. His devotion to Guru Nanak Dev Ji and his wholy mission was so great that he was installed as the second Nanak in appx Sept. 07, 1539 by Shri Guru Nanak Dev Ji himself. Earlier Guru Nanak Dev Ji tested him in various ways and found him to be right for his sucessor. He was given the name by Guru Nanak Dev Ji as Angad (which means, from Ang, or one's own body part).

After Guru Nanak Dev Ji, Shri Guru Angad Dev Ji became the 2nd Guru's of sikh and some of the main highlights of Guru Angad Dev Ji's life includes that he contributed 63 shabads and salokes (revealed verses), now registered in the Guru Granth Sahib Ji. Through their own life conduct, Guru Angad Dev Ji demonstrated the princples of Nishkam Sewa (selfless service) to humanity, complete surrender to the Guru and to the will of God. He formalized the present form of the Gurmukhi script. Traveled widely and established several new centres for preaching sikhi. Before Guru Angad Dev Ji left for his heavenly abode in 1552, he nominated Guru Amar Das Ji as his sucessors (the 3rd Guru of Sikhs).

**Parminderjit Singh**

# Acheivement of S. Swarandeep Singh, P.P.S

S. Swarandeep Singh, P.P.S. President Awardee of 2014, presentaly working as Assistant Inspector General of Police Special Branch-1 Inteliigence Punjab Chandigarh has been awarded "Director General of Police Commendation Disc" vide Endst. No.-1359-62 dated-20/03/2017 on the basis of outstanding policing achievement and recoginition of his service to the public to boost his morale. His father S. Swaran Singh DIG (Retd.) belong to village-Raipurpir Baksh now settled in Jalandhar. He is grand son of Giani Hem Singh founder president of Baba Makhan Shah Lobana Foundtaion (Regd.), Sector-30-A, Chandigarh. Swarandeep is a proud of the family as well as Lobana Community.







**(Balwinder Singh Multani)**
**Vice Presidnet (HQ)**
**BMSL, Foundation,**
**Chandigarh**

# ਛੌਂਘ੍ਰੂੳਠੂੰ ੳਠੌਂ

The B.M.S.L Foundation is a body of well meaning members who understand their liability to make this institution more dynamic, prosperous, and vibrant. By and large the members had desired a change in the leadership of the Foundation. In electing Mr. Jagir Singh Lalia, as its president, they have given an account of their capability in selecting the right man for the right job. They have proved the force a voter has in a democratic set up. They have also proved their prudence in casting their votes for a genuine cause.

We live in a democratic set up. Those who have not voted for Mr. lalia, have a legal and constitutional right to vote for a person of their choice for leadership of the Foundation. This is their judgement. No body can sit in that.This is how our democracy works. Our democracy may work a bit better if we bury the past, and join hands to strengthen the hands of the president to help build the Foundation. Luckily we have amongst us persons like S. Bhagat Singh, I.A.S. (Retired) who has immensely contributed to make the Foundation what it is today. The president may look to him for advice and support if it is expedient so to do in community interest.

**AJIT SINGH, A.E.T.C (Retired)**

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਨੂੰ ਮਾਇਆ ਭੇਜਣ ਵਾਲੇ ਦਾਨੀ ਸੱਜਣਾਂ ਦੀ ਸੂਚੀ

## ਮਿਤੀ 1-4-2017 ਤੋਂ 30-4-2017


| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਸ. ਕਸ਼ਮੀਰ ਸਿੰਘ ਮੁਲਤਾਨੀ<br>ਮਕਾਨ ਨੰ.-726, ਸੈਕਟਰ-5, ਕੁਰਕਸੇਤਰਾ | 5000/- | ਜੇ-9624 | 01-04-2017 |
| 2. | ਸ. ਕਸ਼ਮੀਰ ਸਿੰਘ<br>ਪਿੰਡ- ਜ਼ਿਲ੍ਹਾ-ਕੁਰਕਸੇਤਰਾ | 200/- | ਜੇ-9625 | 01-04-2017 |
| 3. | ਸ. ਜਗਮੋਹਨ ਸਿੰਘ<br>ਮਕਾਨ ਨੰ.-390, ਸੈਕਟਰ-16, ਪੰਚਕੂਲਾ | 1000/- | ਐਚ -9077 | 01-04-2017 |
| 4. | ਸ. ਜਗੀਰ ਸਿੰਘ ਸਪੁੱਤਰ<br>ਸਵਰਗਵਾਸੀ ਵਰਿਆਮ ਸਿੰਘ<br>ਮਕਾਨ ਨੰ.-39, ਗੋਲਡਨ ਐਵਨਿਊ,<br>ਫੇਸ-1, ਜਲੰਧਰ | 1000/- | ਐਚ 9078 | 01-04-2017 |
| 5. | ਕਮਾਂਡਰ ਜੋਗਿੰਦਰ ਸਿੰਘ<br>ਮਕਾਨ ਨੰ.-2368, ਫੇਸ-11, ਮੋਹਾਲੀ | 1000/- | ਐਚ 9079 | 05-04-2017 |
| 6. | ਸ. ਸੁਰਿੰਦਰ ਸਿੰਘ ਰੂਬੀ, ਈ.ਟੀ.ਓ. (ਰਿਟਾ.)<br>ਮਕਾਨ ਨੰ.-16 ਐਸ ਐਫ, ਗੁਰੂ ਗੋਬਿੰਦ ਸਿੰਘ ਐਵਨਿਊ<br>ਜੀ.ਟੀ. ਰੋਡ, ਬਾਈਪਾਸ, ਜਲੰਧਰ<br>(ਆਪਣੇ ਬੇਟੇ ਦੇ ਵਿਆਹ ਦੇ ਮੌਕੇ ਤੇ) | 2100/- | ਐਚ 9080 | 07-04-2017 |
| 7. | ਸ. ਹਰਪਿੰਦਰ ਸਿੰਘ<br>ਜਾਇੰਟ ਐਕਸਾਈਜ਼ ਟੈਕਸਟੇਸ਼ਨ ਕਮਿਸ਼ਨਰ<br>ਮਕਾਨ ਨੰ.-1664, ਫੇਸ-7, ਮੋਹਾਲੀ<br>(ਆਪਣੇ ਪਿਤਾ ਪ੍ਰਿੰਸੀਪਲ ਗਿਆਨ ਸਿੰਘ ਦੀ ਅੰਤਿਮ ਅਰਦਾਸ ਦੇ ਮੌਕੇ ਤੇ) | 5100/- | ਜੇ-9577 | 06-04-2017 |
| 8. | ਗੁਪਤ ਦਾਨ | 500/- | ਐਚ -9082 | 13-04-2017 |
| 9. | ਸ. ਗੁਰਬਚਨ ਸਿੰਘ, ਸੀਨੀਅਰ ਮੈਨੇਜਰ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ | 200/- | ਐਚ-9083 | 13-04-2017 |

| | | | | |
|---|---|---|---|---|
| 10. | ਸ. ਗੁਰਚਰਨ ਸਿੰਘ,<br>ਮਕਾਨ ਨੰ.-117, ਸੈਕਟਰ-35-ਏ, ਚੰਡੀਗੜ੍ਹ | 500/- | ਐਚ-9084 | 13-04-2017 |
| 11. | ਸ. ਹਰਬੰਸ ਸਿੰਘ,<br>ਮਕਾਨ ਨੰ.-2060, ਫੇਸ-10, ਮੋਹਾਲੀ | 500/- | ਐਚ-9085 | 13-04-2017 |
| 12. | ਪੰਡਤ ਰਾਮ ਕੁਮਾਰ ਕੈਨਟੀਨ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ | 500/- | ਐਚ-9086 | 13-04-2017 |
| 13. | ਸ. ਬਲਵਿੰਦਰ ਸਿੰਘ ਮੁਲਤਾਨੀ<br>ਮੀਤ ਪ੍ਰਧਾਨ, ਹੈੱਡਕੁਆਰਟਰ<br>ਮਕਾਨ ਨੰ.-541, ਫੇਸ-3-ਏ, ਮੋਹਾਲੀ | 500/- | ਐਚ-9087 | 13-04-2017 |
| 14. | ਸ. ਤਰਨਬੀਰ ਸਿੰਘ ਮੁਲਤਾਨੀ ਸਪੁੱਤਰ<br>ਸ. ਬਲਵਿੰਦਰ ਸਿੰਘ ਮੁਲਤਾਨੀ ਮੀਤ ਪ੍ਰਧਾਨ, ਹੈੱਡਕੁਆਰਟਰ<br>ਮਕਾਨ ਨੰ.-541, ਫੇਸ-3-ਏ, ਮੋਹਾਲੀ | 500/- | ਐਚ-9088 | 13-04-2017 |
| 15. | ਬੀਬੀ ਹਰਪ੍ਰੀਤ ਕੌਰ ਪੇਲੀਆ<br>ਜਨਰਲ ਸਕੱਤਰ, ਮਕਾਨ ਨੰ.-2218,<br>ਸੈਕਟਰ-38 ਸੀ, ਚੰਡੀਗੜ੍ਹ | 1100/- | ਐਚ-9089 | 13-04-2017 |
| 16. | ਸ. ਜਗੀਰ ਸਿੰਘ ਲਾਲੀਆ ਪ੍ਰਧਾਨ<br>ਮਕਾਨ ਨੰ.-1838, ਫੇਸ-7, ਮੋਹਾਲੀ | 500/- | ਐਚ-9090 | 13-04-2017 |
| 17. | ਲੈਕਚਰਾਰ ਗੁਲਸ਼ਨ ਕੁਮਾਰ ਸਿੰਘ (ਰਿਟਾ.)<br>ਮੀਤ ਪ੍ਰਧਾਨ, ਹੈੱਡਕੁਆਰਟਰ<br>ਮਕਾਨ ਨੰ.-3405, ਸੈਕਟਰ-40 ਡੀ,<br>ਚੰਡੀਗੜ੍ਹ | 500/- | ਐਚ-9091 | 13-04-2017 |
| 18. | ਸ. ਗੁਰਚਰਨ ਸਿੰਘ ਪਾਲੀਆ<br>ਮਕਾਨ ਨੰ.-763, ਸੈਕਟਰ-40 ਏ,<br>ਚੰਡੀਗੜ੍ਹ | 200/- | ਐਚ-9092 | 13-04-2017 |
| 19. | ਸ. ਸੁਰਿੰਦਰ ਸਿੰਘ<br>ਮਕਾਨ ਨੰ.-3040, ਸੈਕਟਰ-47 ਡੀ, ਚੰਡੀਗੜ੍ਹ | 200/- | ਐਚ-9093 | 13-04-2017 |
| 20. | ਗੁਪਤ ਦਾਨ | 100/- | ਐਚ -9094 | 13-04-2017 |
| 21. | ਸ. ਰਤਨ ਸਿੰਘ<br>ਮਕਾਨ ਨੰ.-993, ਫੇਸ-4, ਮੋਹਾਲੀ | 100/- | ਐਚ -9095 | 13-04-2017 |

| | | | | |
|---|---|---|---|---|
| 22. | ਸ.ਅਮਰਜੀਤ ਸਿੰਘ, ਫੇਸ-3 ਬੀ 1, ਮੋਹਾਲੀ | 100/- | ਐਚ -9096 | 13-04-2017 |
| 23. | ਸ.ਜਸਪਾਲ ਸਿੰਘ, ਜ਼ੀਰਕਪੁਰ | 100/- | ਐਚ -9097 | 13-04-2017 |
| 24. | ਇੰਸਪੈਕਟਰ ਭੁਪਿੰਦਰ ਸਿੰਘ, ਚੰਡੀਗੜ੍ਹ | 500/- | ਐਚ -9098 | 13-04-2017 |
| 25. | ਸ.ਅਮਰਜੀਤ ਸਿੰਘ ਮੁਲਤਾਨੀ | 100/- | ਐਚ -9099 | 13-04-2017 |
| 26. | ਸ.ਹਰਦਿਆਲ ਸਿੰਘ ਘੋਤੜਾ<br>ਵਿਤ ਸਕੱਤਰ,<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ | 200/- | ਐਚ -9100 | 13-04-2017 |
| 27. | ਸ.ਹਰਭਜਨ ਸਿੰਘ, ਡੀ.ਆਈ.ਜੀ.(ਰਿਟਾ.),<br>ਜ਼ੀਰਕਪੁਰ | 500/- | ਐਚ-9201 | 13-04-2017 |
| 28. | ਸ.ਬਖਤਾਵਰ ਸਿੰਘ<br>ਮਕਾਨ ਨੰ.-3602/ਏ, ਸੈਕਟਰ-47,<br>ਚੰਡੀਗੜ੍ਹ | 500/- | ਐਚ-9202 | 13-04-2017 |
| 29. | ਸਤਵੰਤ ਸਟੂਡਿਓ | 100/- | ਐਚ-9203 | 13-04-2017 |
| 30. | ਸ.ਹਿੰਮਤ ਸਿੰਘ<br>ਮਕਾਨ ਨੰ.-2051, ਸੈਕਟਰ-21 ਸੀ,<br>ਚੰਡੀਗੜ੍ਹ | 100/- | ਐਚ-9204 | 13-04-2017 |
| 31. | ਸ.ਗਿਆਨ ਸਿੰਘ ਮੁਲਤਾਨੀ<br>ਮਕਾਨ ਨੰ.-42 ਸੈਕਟਰ-16 ਏ,<br>ਚੰਡੀਗੜ੍ਹ | 500/- | ਐਚ-9205 | 13-04-2017 |
| 32. | ਸ.ਗੁਰਬਚਨ ਸਿੰਘ<br>ਸੈਕਟਰ-47, ਚੰਡੀਗੜ੍ਹ | 100/- | ਐਚ-9206 | 13-04-2017 |
| 33. | ਸ.ਅਮਰਜੀਤ ਸਿੰਘ ਸਪੁੱਤਰ<br>ਸ.ਗਿਆਨ ਸਿੰਘ ਮੁਲਤਾਨੀ<br>ਮਕਾਨ ਨੰ.-42 ਸੈਕਟਰ-16 ਏ,<br>ਚੰਡੀਗੜ੍ਹ | 500/- | ਐਚ-9207 | 13-04-2017 |
| 34. | ਸ.ਗੁਰਦੇਵ ਸਿੰਘ ਠੇਕੇਦਾਰ | 500/- | ਐਚ-9208 | 13-04-2017 |
| 35. | ਸ.ਕਰਨਬੀਰ ਸਿੰਘ | 100/- | ਐਚ-9209 | 13-04-2017 |
| 36. | ਸ.ਸੁਖਵਿੰਦਰਪਾਲ ਸਿੰਘ ਮੁਲਤਾਨੀ<br>ਮਕਾਨ ਨੰ.-2102, ਫੇਸ-10, ਮੋਹਾਲੀ | 500/- | ਐਚ-9210 | 13-04-2017 |



# MATRIMONIAL



**Match for Lubana Sikh Girl, born Aug.87, 5' 4", doing job in Govt Hospital as Regd. Nurse. Qualification - M.Sc Nursing, Australian citizen, legally divorced after brief marriage, issueless. Required well qualified boy preferely of medical line. Reputed family. Send biodata. WHATSAPP : 90562-42123. preferably from Lubana caste.**

* * * * *

**Suitable Qualified match for employed Ph.D (food tech.) girl born on May 1986, 5'2/1/2'' required well settled Lobana boy. Contact: - 093550-84781, 094638-03824**

* * * * *

**Suitable Qualified match for Army Captain Lobana boy, born on July 1989, 5'9'', required well qualified girl. Contact: - 093550-84781, 094638-03824**

* * * * *

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

# CONGRATULATIONS




Er. Navpreet Kaur Receiving Degree of Master of Engineering (Information Technology) on 25.03.2017 from Professor Arun Kumar Grover, Vice Chancellor, Panjab University, Chandigarh Presided over by : Hon'ble Vice-President of India & Chancellor Panjab University. Sh. M. Hamid Ansari.



Er. Navpreet Kaur Receiving Gold Medal for securing 1st Rank in Master of Engineering (IT) on 25.03.2017 from Professor Arun Kumar Grover, Vice Chancellor, Panjab University, Chandigarh Convocation Presided over by the Hon'ble Vice-President of India & Chancellor Panjab University. Sh. M. Hamid Ansari.

Ms. Navpreet Kaur D/o Er. Kulbir Singh Sujlana, S.E. (Retd.), Pb. PWD (P.H.), has the distinction of securing 1st Rank in Master of Engineering (IT) of Punjab University. In the 66th Annual Convocation held on 25.03.2017 at Chandigarh, Ms. Navpreet Kaur received the Degree of Master of Engineering (IT), Gold Medal and Certificate of Merit for securing 1st Rank from Prof. Arun Kumar Grover, Vice-Chancellor, PU Chandigarh. This Convocation was presided over by the Hon'ble Vice-President of India, Sh. M. Hamid Ansari.

Ms. Navpreet Kaur has also achieved the distinction of publishing five Research Papers in the International Journals. In addition she has also attended three International Conferences held at New Delhi, Chandigarh and Nagpur where she presented and read her research papers. Her research paper on "Performance comparison of FHSS and DSSS in cognitive Radio Networks" was adjudged and awarded as the Best Paper Award presented in the International Conference held on 08.04.2016 at Nagpur.

In view of her achievements, she has been appointed as Assistant Prof. in UEIT, Punjab University. Family of Er. Kulbir Singh Sujlana is settled in Sector 70, S.A.S. Nagar (Mohali), Punjab. Baba Makhan Shah Lubana Foundation congratulates Ms. Navpreet Kaur for her achievements and give best wishes for the bright future.

**J. S. Lalia**
**President BMSL Foundation**
**Chandigarh**

Regd No. 32212/78
Postal No.-- CHD/0111/2015-17

ਚੋਣ ਜਿੱਤਣ ਉਪਰੰਤ ਪ੍ਰਧਾਨ ਸ. ਜਗੀਰ ਸਿੰਘ ਲਾਲੀਆ ਫਾਊਂਡੇਸ਼ਨ ਕੰਪਲੈਕਸ ਵਿਚ ਗੁਰਦੁਆਰਾ ਸਾਹਿਬ ਵਿਚ ਗੁਰੂ ਮਹਾਰਾਜ ਜੀ ਦਾ ਸ਼ੁਕਰਾਨਾ ਕਰਦੇ ਹੋਏ ਨਾਲ ਸ਼ਾਮਲ ਹਨ ਫਾਊਂਡੇਸ਼ਨ ਦੇ ਸਾਬਕਾ ਪ੍ਰਧਾਨ ਮੇਜਰ ਮੇਹਰ ਸਿੰਘ ਅਤੇ ਸ. ਭਗਤ ਸਿੰਘ ਆਈ.ਐਸ. (ਰਿਟਾ.)





ਪ੍ਰਧਾਨ ਦੇ ਦਫ਼ਤਰ ਵਿਚ ਆਪਣਾ ਅਹੁਦਾ ਸੰਭਾਲਦੇ ਹੋਏ ਨਵੇਂ ਪ੍ਰਧਾਨ ਸ. ਜਗੀਰ ਸਿੰਘ ਲਾਲੀਆ